# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine

## ਮਾਰੂ ਮਹਲਾ ੫ ॥

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲ ਠਾਕੁਰ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥
(ਅੰਗ ੧੦੦੦)

ਸੰਪਾਦਕ
ਡਾ. ਜਾਗੀਰ ਸਿੰਘ

ਮਈ 2025



# ੲ

ਇੱਕੋ ਰੱਬ ਦੇ ਸੱਭ ਹਨ ਬੰਦੇ,
ਕੀ ਵੱਡੇ ਕੀ ਬਾਲੇ ਹੂ।

ਹਿੰਦੂ, ਮੁਸਲਿਮ, ਸਿੱਖ, ਈਸਾਈ
ਸੱਭ ਦੇ ਪੰਥ ਨਿਰਾਲੇ ਹੂ।

ਗੁਰਦੁਆਰੇ, ਮੰਦਰ ਤੇ ਮਸਜਿਦ,
ਗਿਰਜੇ ਅਤੇ ਸ਼ਿਵਾਲੇ ਹੂ।

ਝੁੱਕ ਝੁੱਕ ਕਰਨ ਸਲਾਮਾਂ,
ਇੱਕੋ ਅੱਲਾ ਵਾਲੇ ਹੂ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੂਥ ਨੰ: 7, ਫੇਜ਼ 7, ਮੁਹਾਲੀ
(ਫੋਨ :0172-4646034, 98726-20036) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

**ਸੰਪਾਦਕੀ : ਕਰਉ ਬੇਨੰਤੀਆ**
ਗੁਰਮਤਿ ਰਿਦੈ ਗਰੀਬੀ ਆਵੈ 2

**ਗੁਰਮਤਿ ਸੰਗੀਤ ਵਿਚ ਰਾਗ ਸਿਰੀ**
ਡਾ. ਗੁਰਨਾਮ ਸਿੰਘ 9

**ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ**
ਅਜੈਪਾਲ ਸਿੰਘ ਚਵਿੰਡਾ 12

**ਭਾਈ ਸੁਰਜਨ ਸਿੰਘ ਤਬਲਾ ਵਾਦਕ**
ਭਾਈ ਕਰਮ ਸਿੰਘ ਰਤਨ 14

**Bhai Surjeet Singh (Tagore Garden)**
Dr. Amardev Singh 19

**ਰਾਗ ਦੇਸੀ**
ਪ੍ਰੋ. ਗੁਰਬਖਸ਼ ਸਿੰਘ 20

**ਸਾਲਾਨਾ ਚੰਦਾ : 500/-ਰੁਪਏ**

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਗੁਰਮਤਿ ਰਿਦੈ ਗਰੀਬੀ ਆਵੈ

ਲਫਜ਼ ਹੂੰ ਤਰਤੀਬ ਸੇ ਮਿਸਰੇ ਮੇਂ ਮੁਝ ਕੋ ਬਾਂਧ ਲੋ,
ਵਰਨਾ ਮੈਂ ਅਪਨੇ ਮਾਅਨੀ ਸੇ ਅਲਗ ਹੋ ਜਾਉਂਗਾ।

Socrates said, "The misuse of language induces evil in the soul."
He wasn't talking about grammar. To misuse language is to use it the way politicians and advertisers do, for profit, without taking responsibility for what the words mean. Language used as a means to get power or make money goes wrong: it lies. Language used as an end in itself, to sing a poem or tell a story, goes right, goes towards the truth.

A writer is a person who cares what words mean, what they say, how they say it. Writers know words are their way towards truth and freedom, and so they use them with care, with thought, with fear, with delight. By using words well, they strengthen their souls. Story-tellers and poets spend their lives learning that skill and art of using words well. And their words make the souls of their readers stronger, brighter, deeper."

– Ursula K. Le Guin
(Book: The Left Hand of Darkness)

ਪਿਛੇ ਜਿਹੇ ਫੇਸਬੁੱਕ ਤੇ ਇਹ ਸ਼ੇਅਰ ਸੁਣਿਆ ਅਤੇ ਇਹ ਕਥਨ ਪੜ੍ਹਿਆ ਤਾਂ ਸ਼ਬਦਾਂ ਨੂੰ ਸਾਵਧਾਨੀ ਨਾਲ ਪ੍ਰਯੋਗ ਕਰਨ ਦਾ ਖਿਆਲ ਆਉਣ ਲੱਗ ਪਿਆ। ਮੈਨੂੰ ਆਪ ਤਾਂ ਸ਼ਬਦਾਂ ਨੂੰ ਪ੍ਰਯੋਗ ਕਰਨ ਦੀ ਬਹੁਤੀ ਸਮਝ ਨਹੀਂ ਆਈ ਪਰ ਮਹਾਂਪੁਰਖਾਂ ਰਾਹੀਂ ਆਪਣੇ ਪ੍ਰਵਚਨਾਂ ਵਿੱਚ ਉਚਾਰੇ ਸ਼ਬਦਾਂ ਨੂੰ ਸਮਝਣ ਦੀ ਲੋਚਾ ਜ਼ਰੂਰ ਜਾਗ ਪਈ।

ਹੁਣ ਜਦੋਂ ਵੀ ਮੈਂ ਕੁਝ ਲਿਖਦਾ ਹਾਂ ਤਾਂ ਆਪਣੇ ਆਪ ਨੂੰ ਸਮਝਾਉਣ ਲਈ ਵਧੇਰੇ ਲਿਖਦਾ ਹਾਂ। ਉਸ ਵਿੱਚੋਂ ਕਿਸੇ ਪਾਠਕ ਨੂੰ ਕੋਈ ਸੇਧ ਮਿਲ ਜਾਵੇ ਤਾਂ ਇਹ ਉਸ ਦੀ ਆਪਣੀ ਜਿਗਿਆਸਾ ਹੈ। ਭਾਈ ਗੁਰਦਾਸ ਜੀ ਦੀ ਬਾਹਰਵੀਂ ਵਾਰ ਦੀ ਚਉਥੀ ਪਉੜੀ ਦਾ ਗਾਇਨ ਕਰ ਰਿਹਾ ਸਾਂ ਤਾਂ ਇਸ ਤੁਕ ਤੇ ਵਿਚਾਰ ਤਰੰਗ ਅਟਕ ਗਈ।
ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।

ਉਂਜ ਤਾਂ ਸਾਰੀ ਪਉੜੀ ਹੀ ਗੁਰਮਤਿ ਰਹਿਣੀ ਬਾਰੇ ਅਮੁੱਲ ਸੇਧ ਦੇ ਰਹੀ ਹੈ:
ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।

ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ॥੫॥

ਭਾਈ ਗੁਰਦਾਸ ਜੀ ਪਹਿਲੀ ਤੁਕ ਵਿੱਚੋ ਗਰੀਬੀ ਸ਼ਬਦ ਦਾ ਪ੍ਰਯੋਗ ਨਿਰਮਾਣਤਾ ਵਜੋਂ ਕਰਦੇ ਹਨ। ਆਪਣੀ ਇਸ ਰਚਨਾ ਵਿੱਚ ਉਹ ਹੋਰ ਗੁਣਾਂ ਦੇ ਨਾਲ ਨਾਲ ਗਰੀਬੀ ਨੂੰ ਵੀ ਇੱਕ ਗੁਣ ਵਜੋਂ ਦਰਸਾਉਂਦੇ ਹਨ। ਗਰੀਬੀ ਸ਼ਬਦ ਦੀ ਵਿਆਖਿਆ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਬਾਰੇ ਰਚੀ ਇੱਕ ਪਉੜੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ:
ਪਹਿਲਾਂ ਬਾਬੇ ਪਾਯਾ ਬਖਸ ਦਰ ਪਿਛੋ ਦੇ ਫਿਰਿ ਘਾਲਿ ਕਮਾਈ।
ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਭਾਈ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।
ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ।

ਇਥੇ ਰੇਤ ਅਤੇ ਅੱਕ ਦਾ ਆਹਾਰ ਕਰਦੇ ਹੋਏ, ਭਾਰੀ ਤਪੱਸਿਆ ਕਰਕੇ ਸਚਖੰਡਿ ਵਿੱਚੋਂ ਗਰੀਬੀ ਨੂੰ ਪ੍ਰਾਪਤ ਕੀਤਾ। ਫਿਰ ਇਸੇ ਗਰੀਬੀ ਨੂੰ ਇੱਕ ਸ਼ਸਤਰ ਵਜੋਂ ਪ੍ਰਯੋਗ ਕਰਕੇ ਧਰਤਿ ਲੁਕਾਈ ਨੂੰ ਸੋਧਣਿ ਦੇ ਜਤਨ ਅਰੰਭੇ।

ਗੁਰੂ ਅਰਜਨ ਦੇਵ ਜੀ ਨੇ ਸ਼ਾਇਦ ਇਸੇ ਲਈ ਕਿਹਾ ਹੈ:
ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥ (ਅੰਗ ੬੨੮)

ਗੁਰੂ ਜੀ ਇਸ ਸ਼ਬਦ ਵਿੱਚ ਕੁਝ ਇਹ ਉਪਦੇਸ਼ ਦਿੰਦੇ ਜਾਪਦੇ ਹਨ ਕਿ ਨਿਮਰਤਾ ਦੇ ਸ਼ਾਂਤ ਮਈ ਸ਼ਸਤਰ ਅੱਗੇ ਕੋਈ ਵਿਕਾਰੀ ਅਰਥਾਤ ਸਖਤੀ ਵਰਤਣ ਵਾਲਾ ਟਿਕ ਨਹੀਂ ਸਕਦਾ।

ਅਰਥਾਤ, ਨਿਮਰਤਾ ਵਾਲਾ ਸੁਭਾਉ ਸਾਡੇ ਪਾਸ ਗੁਰਜ ਹੈ, ਸਭ ਦੇ ਚਰਨਾਂ ਦੀ ਧੂੜ ਵਾਂਗ ਰਹਿਣਾ ਸਾਡੇ ਪਾਸ ਖੰਡਾ ਹੈ। ਇਸ ਗੁਰਜ ਅੱਗੇ, ਇਸ ਖੰਡੇ ਅੱਗੇ ਕੋਈ ਭੀ ਕੁਕਰਮੀ ਟਿਕ ਨਹੀਂ ਸਕਦਾ। ਸਾਨੂੰ ਪੂਰੇ ਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ।

ਧਾਰਮਿਕ ਜਗਤ ਵਿੱਚ ਨਿਮਰਤਾ ਨੂੰ ਇੱਕ ਵਡੇ ਸ਼ਸਤਰ ਵਜੋਂ ਬਿਆਨ ਕੀਤਾ ਗਿਆ ਹੈ। ਗੁਰਬਾਣੀ ਵਿੱਚ ਗਰੀਬੀ ਸ਼ਬਦ ਨਿਰਧਨਤਾ ਅਤੇ ਨਿਮਰਤਾ ਦੋਹਾਂ ਲਈ ਪ੍ਰਯੋਗ ਕੀਤਾ ਗਿਆ ਹੈ।ਪਰ ਜਦੋਂ ਇਸ ਦਾ ਪ੍ਰਯੋਗ ਗੁਰਮਤਿ ਦੇ ਪ੍ਰਸੰਗ ਵਿੱਚ ਕੀਤਾ ਜਾ ਰਿਹਾ ਹੋਵੇ ਤਾਂ ਇਹ ਆਮ ਤੌਰ ਤੇ ਨਿਮਰਤਾ ਦਾ ਅਰਥ ਹੀ ਪ੍ਰਗਟਾਉਂਦਾ ਹੈ। ਜਿਵੇਂ ਕਬੀਰ ਜੀ ਦੇ ਸ਼ਬਦ ਵਿੱਚ:

ਰਾਜਨ ਕਉਨੁ ਤੁਮਾਰੈ ਆਵੈ ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥ (ਅੰਗ ੧੧੦੫)

ਨਿਮਰਤਾ ਬਾਰੇ ਸ਼ੇਖ ਫਰੀਦ ਜੀ ਦਾ ਸਲੋਕ ਵੀ ਉਚਾਰਿਆ ਜਾਂਦਾ ਹੈ:

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਈ ਦੈ ਦਰਿ ਵਾੜੀਅਹਿ ॥ (ਅੰਗ ੧੩੭੮)

ਭਾਵ – ਹੇ ਫਰੀਦ, ਜੇ ਤੂੰ ਮਾਲਕ ਪ੍ਰਭੂ ਨੂੰ ਹਰ ਥਾਂ ਭਾਲਦਾ ਹੈਂ ਭਾਵ ਵੇਖਣਾ ਚਾਹੁੰਦਾ ਹੈਂ ਤਾਂ ਪਹੇ ਦੀ ਦੱਭ ਵਰਗਾ ਬਣ ਜਾ ਜਿਸ ਦੇ ਇਕ ਬੂਟੇ ਨੂੰ ਲੋਕ ਤੋੜਦੇ ਹਨ, ਤੇ ਕਈ ਹੋਰ ਬੂਟੇ ਨੂੰ ਉਨ੍ਹਾਂ ਦੇ ਪੈਰਾਂ ਹੇਠ ਲਤਾੜੇ ਜਾਂਦੇ ਹਨ। ਜੇ ਤੂੰ ਇਹੋ ਜਿਹਾ ਸੁਭਾਉ ਬਣਾ ਲਏਂ ਤਾਂ ਤੂੰ ਮਾਲਕ ਦੇ ਦਰ ਤੇ ਕਬੂਲ ਹੋਵੇਂਗਾ।

ਨਿਰਮਾਣਤਾ ਬਾਰੇ ਕੁਝ ਹੋਰ ਸ਼ਬਦ:

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥ (ਅੰਗ ੪੪੧)

ਸਗਲ ਪੁਰਖ ਮਹਿ ਪੁਰਖੁ ਪ੍ਰਧਾਨ ॥
ਸਾਧਸੰਗਿ ਜਾਕਾ ਮਿਟੈ ਅਭਿਮਾਨ ॥
ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥

ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥
ਸੂਖ ਦੂਖ ਜਨ ਸਮ ਦ੍ਰਿਸਟੇਤਾ॥
ਨਾਨਕ ਪਾਪ ਪੁੰਨ ਨਹੀ ਲੇਪਾ॥ (ਅੰਗ ੨੬੬)
ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ (ਅੰਗ ੨੭੮)
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤਿ ਆਗੈ ਸੁਖੁ ਪਾਵੈ॥ (ਅੰਗ ੨੭੮)
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮਾਰੇ॥ (ਅੰਗ ੩੭੯)
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥ (ਅੰਗ ੪੬੫)
ਅਰਥਾਤ, ਹੇ ਜੀਵ, ਜੇ ਤੂੰ ਆਪਣੀ ਭਲਿਆਈ ਲੋੜਦਾ ਹੈਂ, ਤਾਂ ਚੰਗਾ ਕੰਮ ਕਰ ਕੇ ਵੀ ਆਪਣੇ ਆਪ ਨੂੰ ਨੀਵਾਂ ਅਖਵਾ।

ਸਹੀ ਨਿਮਰਤਾ ਦੀ ਵਿਆਖਿਆ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੇ ਇੱਕ ਸਲੋਕ ਵਿੱਚ ਕੀਤੀ ਹੈ:
ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਇ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਇ॥ (ਅੰਗ ੪੭੦ - ਵਾਰ ਆਸਾ)
ਦਾਸਨਿ ਦਾਸੁ ਹੋਵੈ ਤਾ ਹਰਿ ਪਾਏ, ਵਿਚਹੁ ਆਪੁ ਗਵਾਈ॥ (ਅੰਗ ੬੦੦ - ਸੋਰਠਿ ਮਹਲਾ ੫)
ਜਿਹੜਾ ਮਨੁੱਖ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਕੇ ਬਹੁਤ ਗਰੀਬੀ ਸੁਭਾਵ ਵਾਲਾ ਬਣਦਾ ਹੈ, ਉਹ ਪਰਮਾਤਮਾ ਨੂੰ ਮਿਲ ਪੈਂਦਾ ਹੈ।
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ॥ (ਅੰਗ ੬੧੪)
ਸੰਤਹੁ ਇਹਾ ਬਤਾਵਹੁ ਕਾਰੀ॥

ਜਿਤੁ ਹਉਮੈ ਗਰਬੁ ਨਿਵਾਰੀ ॥ ੧ ॥ ਰਹਾਉ ॥
ਸਰਬ ਭੂਤ ਪਾਰਬ੍ਰਹਮ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥ ੨ ॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥ ੩ ॥ (ਅੰਗ ੬੧੬)
ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ (ਅੰਗ ੧੩੬੪)
ਹਰਿ ਹੈ ਖਾਂਡ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥ ੨੩੮ ॥ (ਅੰਗ ੧੩੭੭)

ਨਿਰਮਾਣਤਾ ਦੀ ਬਹੁਤ ਉਚੀ ਅਵਸਥਾ ਇਹ ਵੀ ਹੈ ਜਦੋਂ ਕੋਈ ਵਿਅਕਤੀ ਆਪਣੀ ਸਿਆਣਪ ਵਿਖਾਉਣ ਦੀ ਥਾਂ ਸਰਲਤਾ ਨੂੰ ਪਹਿਲ ਦਿੰਦਾ ਹੈ। ਉਹ ਆਪਣੇ ਬਲਵਾਨ ਹੋਣ ਦਾ ਵਿਖਾਵਾ ਨਹੀਂ ਕਰਦਾ। ਭਾਵੇਂ ਉਸ ਕੋਲ ਪਦਾਰਥ ਘਟ ਹੀ ਹੋਣ ਪਰ ਉਹਨਾਂ ਨੂੰ ਵੀ ਉਹ ਦੂਜਿਆਂ ਨਾਲ ਵੰਡ ਲੈਂਦਾ ਹੈ। ਉਹ ਸੱਚਾ ਧਾਰਮਿਕ ਵਿਅਕਤੀ ਹੈ।

ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ (ਅੰਗ ੧੩੮੪)

ਇਸ ਤੋਂ ਗੁਰਬਾਣੀ ਦੀਆਂ ਇਹ ਤੁਕਾਂ ਵੀ ਯਾਦ ਆਉਂਦੀਆਂ ਹਨ:
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ (੩੯੬)

ਇਥੇ ਸਿੱਖ ਧਰਮ ਦੇ ਸੁਨਹਿਰੀ ਅਸੂਲ ਵੀ ਯਾਦ ਆਉਂਦੇ ਹਨ:

ਨਾਮ ਜਪਣਾ

ਧਰਮ ਦੀ ਕਿਰਤ ਕਰਨੀ

ਵੰਡ ਛਕਣਾ

ਭਾਈ ਕਾਹਨ ਸਿੰਘ ਨਾਭਾ ਨੇ ਗੁਰਮਤਿ ਮਾਰਤੰਡ ਵਿੱਚ ਨਿਰਮਾਣਤਾ ਵਾਲੀ ਐਂਟਰੀ ਵਿੱਚ ਵਿਸਥਾਰ ਸਹਿਤ ਬਿਆਨ ਕਰ ਦਿੱਤਾ ਹੈ। ਲੋੜ ਤਾਂ ਵਾਚਣ ਦੀ ਹੈ ਜੀ।

ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ ॥
ਅਖੀ ਦੇਖਨਿ ਰੂਪ ਰੰਗ ਰਾਗ ਨਾਦ ਕੰਨ ਕਰਨਿ ਰਕੀਬੀ ॥
ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ ॥
ਸਭ ਦੂੰ ਨੀਵੇ ਚਰਣ ਹੋਇ ਆਪੁ ਗਵਾਇ ਨਸੀਬੁ ਨਸੀਬੀ ॥
ਹਉਮੈ ਰੋਗੁ ਮਿਟਾਇਦਾ ਸਤਿਗੁਰ ਪੂਰਾ ਕਰੈ ਛਬੀਬੀ ॥
ਪੈਰੀ ਪੈ ਰਹਿਰਾਸਿ ਕਰਿ ਗੁਰ ਸਿਖ ਸੁਣਿ ਗੁਰ ਸਿਖ ਮਨੀਬੀ ॥
ਮੁਰਦਾ ਹੋਇ ਮੁਰੀਦੁ ਗਰੀਬੀ ॥ (ਭਾਈ ਗੁਰਦਾਸ, ਵਾਰ ੪)
ਨਿਵ ਚਲੈ ਸੋ ਗੁਰੂ ਪਿਆਰਾ ॥ ੫ ॥
ਨੀਵਾ ਜਿਣੈ ਉਚੇਰਾ ਹਾਰੇ ॥ ੬ ॥

ਅਨਾਰ ਦੇ ਬੀਜ ਦਾ ਦ੍ਰਿਸ਼ਟਾਂਤ ਦੇ ਕੇ ਭਾਈ ਗੁਰਦਾਸ ਜੀ ਨਿਮਰਤਾ ਦੀ ਮਹਿਮਾ ਪ੍ਰਗਟ ਕਰਦੇ ਹਨ:
ਦਾਣਾ ਹੋਇ ਅਨਾਰ ਦਾ ਹੋਇ ਧੂੜਿ ਧੂੜੀ ਵਿਚਿ ਧੱਸੈ।
ਹੋਇ ਬਿਰਖੁ ਹਰੀਆਵਲਾ ਲਾਲ ਗੁਲਾਲਾ ਫਲ ਵਿਗੱਸੈ।
ਇਕਤੁ ਬਿਰਖ ਸਹਸ ਫੁਲ ਫੁਲ ਫਲ ਇਕ ਦੂ ਇਕ ਸਰੱਸੈ।
ਇਕ ਦੂ ਦਾਣੇ ਲਖ ਹੋਇ ਫੁਲ ਫੁਲ ਦੇ ਮਨ ਅੰਦਰਿ ਵੱਸੈ।
ਤਿਸ ਵਲ ਤੋਟਿ ਨ ਆਵਈ ਗੁਰਮੁਖਿ ਸੁਖੁ ਫਲੁ ਅੰਮ੍ਰਿਤ ਰੱਸੈ।
ਜਿਉਂ ਜਿਉਂ ਲੱਯਨਿ ਤੋੜਿ ਫਲਿ ਤਿਉ ਤਿਉ ਫਿਰਿ ਫਿਰਿ ਫਲੀਐ ਹੱਸੈ।
ਨਿਵ ਚਲਣੁ ਗੁਰ ਮਾਰਗੁ ਦੱਸੈ ॥ ੧ ॥
ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ। ਵਾਰ ੮ ॥
ਹਸਤ ਅਖਾਜੁ ਗੁਮਾਨ ਕਰਿ ਸੀਹੁ ਸਤਾਣਾ ਕੋਇ ਨ ਖਾਈ।
ਹੋਇ ਨਿਮਾਣੀ ਬਕਰੀ ਦੀਨ ਦੁਨੀ ਵਡਿਆਈ ਪਾਈ।
ਮਰਣੈ ਪਰਣੈ ਮੰਨੀਐ ਜਗਿ ਭੋਗਿ ਪਰਵਾਣੁ ਕਰਾਈ।
ਮਾਸੁ ਪਵਿਤ੍ਰ ਗ੍ਰਿਹਸਤ ਨੋ ਆਂਦਹੁ ਤਾਰ ਵੀਚਾਰਿ ਵਜਾਈ।
ਚਮੜੇ ਦੀਆਂ ਕਰਿ ਜੁਤੀਆਂ ਸਾਧੂ ਚਰਣ ਸਰਣਿ ਲਿਵ ਲਾਈ।
ਤੂਰ ਪਖਾਵਜ ਮੜੀਦੇ ਕੀਰਤਨੁ ਸਾਧਸੰਗਤਿ ਸੁਖਦਾਈ।
ਸਾਧ ਸੰਗਤਿ ਸਤਿਗੁਰ ਸਰਣਾਈ ॥ ੧੩ ॥
ਨਿੰਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ
ਮਧੁਰ ਬਚਨ ਮੁਖਿ ਬੇਨਤੀ ਬਖਾਨੀਐ ॥ ੧੩੭ ॥

ਭਾਈ ਬਾਲੇ ਵਾਲੀ ਸਾਖੀ 115 ਵਿੱਚ ਇੱਕ ਰਾਣੀ ਨੂੰ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਵਜੋਂ ਲਿਖਿਆ ਹੈ – ਨਿਵਣਾ ਸਭ ਅੱਗੇ, ਖਿਮਾ ਕਰਨੀ,ਮਿੱਠਾ ਬੋਲਣਾ, ਏਹ ਵਚਨ ਤ੍ਰੈ ਦ੍ਰਿੜ ਰੱਖਣੇ।

ਗਿਆਨ ਰਤਨਾਵਲੀ ਵਿੱਚ 44ਵੀਂ ਪਉੜੀ ਦੇ ਟੀਕੇ ਵਿੱਚ ਲਿਖਿਆ ਹੈ-ਸ਼ੇਖ ਬ੍ਰਹਮ (ਸ਼ੇਖ ਇਬਰਾਹੀਮ-ਫਰੀਦ ਸਾਨੀ) ਨੂੰ ਗੁਰੂ ਨਾਨਕ ਸਾਹਿਬ ਨੇ ਆਖਿਆ-

"ਫਵਾਰੇ ਦਾ ਜਲ ਜਿਤਨਾ ਨੀਵਾਂ ਜਾਂਵਦਾ ਹੈ ਤਿਤਨਾ ਹੀ ਉੱਚਾ ਚੜ੍ਹਦਾ ਹੈ, ਤੈਸੇ ਜੋ ਮਨ ਨੀਵਾਂ ਕਰਦੇ ਹਨ, ਸੋ ਉੱਚੀ ਪਦਵੀ ਕਰਤਾਰ ਦੀ ਨੂੰ ਹੀ ਪਰਾਪਤ ਹੋਂਦੇ ਹਨ। "

ਜ਼ਿੰਦਗੀ ਨਾਮਾ ਵਿੱਚ ਗਰੀਬੀ ਬਾਰੇ ਲਿਖਿਆ ਹੈ:
ਮਅਨੀਏ ਨਰਮੀ ਗਰੀਬੀ ਆਮਦਹ ॥

ਦਰਦੇ ਹਰ ਕਸ ਰਾ ਤਬੀਬੀ ਆਮਦਹ ॥੫੧॥

ਅਰਥਾਤ-ਨਰਮੀ (ਨਿਮਰਤਾ)ਦਾ ਭਾਵ ਅਰਥ ਗਰੀਬੀ (ਨਿਰ-ਅਭਿਮਾਨਤਾ) ਹੈ ਏਹ ਨਰਮੀ ਹਰੇਕ (ਅਭਿਮਾਨ) ਰੋਗ ਵਾਸਤੇ ਉੱਤਮ ਇਲਾਜ ਹੈ।

ਇਤਿਹਾਸਕ ਤੌਰ ਤੇ ਵੀਚਾਰੀਏ ਤਾਂ ਨਿਮਰਤਾ ਨਾਲ ਵੱਡੇ ਵੱਡੇ ਕਾਰਜ ਸਿੱਧ ਹੋ ਜਾਂਦੇ ਦਿਸਦੇ ਹਨ। ਸਿੱਖ ਸੰਪਰਦਾ ਅਤੇ ਉਦਾਸੀ ਸੰਪਰਦਾ ਵਿੱਚ ਕਾਫੀ ਕੜਵਾਹਟ ਪੈਦਾ ਹੋ ਚੁਕੀ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਬਾਬਾ ਸਿਰੀ ਚੰਦ ਜੀ ਅੰਮ੍ਰਿਤਸਰ ਆਏ ਤਾਂ ਗੁਰੂ ਰਾਮ ਦਾਸ ਜੀ ਉਹਨਾਂ ਦੇ ਦਰਸ਼ਨ ਕਰਨ ਗਏ। ਸਿਰੀ ਚੰਦ ਜੀ ਨੇ ਇੱਕ ਮਖੌਲ ਵਜੋਂ ਕਿਹਾ ਕਿ ਤੁਸੀਂ ਬੜੀ ਵੱਡੀ ਦਾਹੜੀ ਕਿਉਂ ਵਧਾਈ ਹੋਈ ਹੈ? ਤਾਂ ਗੁਰੂ ਰਾਮ ਦਾਸ ਜੀ ਨੇ ਨਿਮਰਤਾ ਨਾਲ ਕਿਹਾ ਕਿ ਆਪ ਜੈਸੇ ਮਹਾਂਪੁਰਖਾਂ ਦੇ ਚਰਨ ਸਾਫ ਕਰਨ ਲਈ। ਤਾਂ ਬਾਬਾ ਸਿਰੀ ਚੰਦ ਜੀ ਬੜੇ ਮੁਤਾਸਿਰ ਹੋ ਗਏ। ਇਸ ਤੋਂ ਬਾਅਦ ਉਦਾਸੀ ਸੰਪਰਦਾ ਅਤੇ ਸਿੱਖ ਸੰਪਰਦਾ ਵਿੱਚ ਨੇੜਤਾ ਪੈਦਾ ਹੋ ਗਈ। ਬਾਬਾ ਸਿਰੀ ਚੰਦ ਜੀ ਨੇ ਆਪਣੇ ਦੇਹਾਂਤ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਉਤਰਾਧਿਕਾਰੀ ਸਥਾਪਿਤ ਕਰ ਦਿੱਤਾ ਸੀ।

ਅਜੋਕੇ ਸਮਾਜ ਵਿੱਚ ਵੀ ਨਿਮਰ ਵਿਅਕਤੀ ਹਰ ਖੇਤਰ ਵਿੱਚ ਛੇਤੀ ਕਾਮਯਾਬ ਹੋ ਜਾਂਦਾ ਹੈ। ਕਈ ਇਸ ਨੂੰ ਕਮਜ਼ੋਰੀ ਮੰਨਦੇ ਹਨ। ਪਰ ਆਪਣੇ ਮੂਲ ਸਿਧਾਂਤਾਂ ਨੂੰ ਤਿਆਗਣ ਤੋਂ ਬਿਨਾਂ ਜੇ ਸਮਝੌਤੇ ਕਰਨੇ ਪੈਣ ਤਾਂ ਅਜਿਹਾ ਕਰਨ ਵਿੱਚ ਕੋਈ ਅਵੱਗਿਆ ਨਹੀਂ ਹੈ ਇਤਿਹਾਸ ਵਿੱਚ ਇਸ ਦੇ ਕਈ ਪਰਸੰਗ ਮਿਲ ਜਾਂਦੇ ਹਨ। ਉਹਨਾਂ ਬਾਰੇ ਫਿਰ ਕਦੀਂ ਗੱਲ ਕਰਾਂਗੇ---ਭੁੱਲ ਚੁੱਕ ਖਿਮਾ---ਜਾਗੀਰ ਸਿੰਘ।

*********

# ਗੁਰਮਤਿ ਸੰਗੀਤ ਵਿਚ ਰਾਗ ਸਿਰੀ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦਾ ਆਧਾਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਤਮਕ ਹੋਣਾ ਅਤੇ ਬਾਣੀ ਨੂੰ ਵੱਖ ਵੱਖ ਰਾਗਾਂ ਅਨੁਸਾਰ ਅੰਕਿਤ ਕਰਨਾ ਸਿੱਖ ਧਰਮ ਵਿਚ ਰਾਗ ਦੀ ਪ੍ਰਮੁੱਖਤਾ ਦਾ ਸਪੱਸ਼ਟ ਪ੍ਰਮਾਣ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਵੀ ਰਾਗਾਂ ਵਿਚ ਸ਼ਬਦ ਗਾਇਨ ਨੂੰ ਹੀ ਕੀਰਤਨ ਪ੍ਰਵਾਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗ ਕੇਵਲ ਸਿਰਲੇਖ ਮਾਤਰ ਕਾਰਜਰਤ ਨਹੀਂ ਸਗੋਂ ਇਹ ਸ਼ਬਦ ਦੇ ਕੀਰਤਨ ਲਈ ਬੁਨਿਆਦੀ ਸੁਰਾਤਮਕ ਮਾਧਿਅਮ ਅਤੇ ਸੂਚਕ ਹਨ ਕਿ ਸ਼ਬਦ ਨੂੰ ਕਿਸ ਸੁਰਾਤਮਕ ਰੰਗ ਵਿਚ ਗਾਉਣਾ ਹੈ। ਰਾਗ ਬਾਣੀ ਦੀ ਵੱਖੋ ਵੱਖਰੀ ਪ੍ਰਕਿਰਤੀ ਅਨੁਸਾਰ ਨਿਰਧਾਰਤ ਕੀਤੇ ਗਏ ਹਨ। ਇਸੇ ਕਰਕੇ ਇਨ੍ਹਾਂ ਦੀ ਗਿਣਤੀ 31 ਮੁੱਖ ਰਾਗਾਂ ਤੇ ਵਿਭਿੰਨ ਰਾਗ ਪ੍ਰਕਾਰਾਂ ਵਜੋਂ ਕੀਤੀ ਜਾਂਦੀ ਹੈ। ਇਨ੍ਹਾਂ ਰਾਗਾਂ ਸਬੰਧੀ ਕ੍ਰਮਵਾਰ ਜਾਣਨਾ ਹਰ ਸਿੱਖ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਆਪਣੀ ਰਾਗਾਤਮਕ ਵਿਰਾਸਤ ਤੋਂ ਜਾਣੂ ਹੋ ਸਕੀਏ। ਇਸੇ ਲੜੀ ਅਧੀਨ ਅਸੀਂ ਰਾਗ ਕ੍ਰਮ ਅਨੁਸਾਰ ਲੜੀਵਾਰ 31 ਰਾਗਾਂ ਬਾਰੇ ਖੋਜ ਲੇਖ ਪ੍ਰਸਤੁਤ ਕਰਦੇ ਰਹਾਂਗੇ।

ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਸਿਰੀ ਇਕ ਪੁਰਾਤਨ ਤੇ ਵਿਸ਼ਿਸ਼ਟ ਰਾਗ ਹੈ। ਭਾਰਤੀ ਸੰਗੀਤ ਵਿਚ ਰਾਗਾਂ ਦੀ ਵੰਡ ਲਈ ਗੁਰੂ ਕਾਲੀ ਸਮਕਾਲੀ ਪ੍ਰਣਾਲੀ 'ਰਾਗ ਰਾਗਣੀ ਵਰਗੀਕਰਣ' ਸੀ ਭਾਵ ਰਾਗ ਨੂੰ ਪੁਰਸ਼ ਮੰਨ ਕੇ ਉਸ ਅਧੀਨ ਬਾਕੀ ਰਾਗਾਂ ਨੂੰ ਇਸਤਰੀ, ਪੁੱਤਰ, ਵਧੂ ਦੇ ਰੂਪ ਵਿਚ ਪਛਾਣਿਆ ਜਾਂਦਾ ਸੀ। ਇਸ ਤਰ੍ਹਾਂ ਇਕ ਮੁੱਖ ਪੁਰਸ਼ ਰਾਗ ਤੇ ਬਾਕੀ ਰਾਗਾਂ ਨੂੰ ਉਸ ਦੇ ਰਿਸ਼ਤੇ ਨਾਤੇ ਵਿਚ ਪਰੋ ਕੇ 'ਰਾਗਮਾਲਾ' ਬਣਾਈ ਜਾਂਦੀ ਸੀ। ਰਾਗਮਾਲਾ ਲਿਖਣ ਦੇ ਬਹੁਤ ਸਾਰੇ ਮੱਤ ਪ੍ਰਚਾਰ ਵਿਚ ਰਹੇ। ਇਸ ਵਿਸਥਾਰ ਵਿਚ ਨਾ ਜਾਂਦਿਆਂ ਵਿਚਾਰੀਏ ਤਾਂ ਰਾਗ ਰਾਗਣੀ ਮਤ ਵਿਚ ਸਿਰੀ ਰਾਗ ਨੂੰ ਪ੍ਰਮੁੱਖ ਛੇ ਰਾਗਾਂ ਵਿਚ ਮੰਨਿਆ ਗਿਆ ਹੈ। ਰਾਗ ਰਾਗਣੀ ਪੱਧਤੀ ਅਨੁਸਾਰ ਮੁੱਖ ਛੇ ਰਾਗ ਹਨ : ਸਿਰੀ, ਬਸੰਤ, ਭੈਰਵ, ਪੰਚਮ, ਮੇਘ, ਨਟ ਨਾਰਾਇਣ। ਭਾਰਤੀ ਸੰਗੀਤ ਵਿਚ ਸਿਰੀ ਨੂੰ 'ਸ੍ਰੀ' ਅੰਕਿਤ ਕੀਤਾ ਗਿਆ। ਸਿਰੀ ਨੂੰ 'ਸ੍ਰਿ' ਵੀ ਲਿਖਿਆ ਜਾਂਦਾ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਇਸ ਨੂੰ ਬਿਸ਼ਨ ਸਰੂਪ ਮੰਨ ਕੇ ਇਸ ਦੀ ਉਤਪਤੀ ਸ਼ਿਵ ਜੀ ਦੇ ਮੁਖੋਂ ਮੰਨੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਬਾਣੀ ਦੇ ਪ੍ਰਾਰੰਭ ਵਿਚ ਪੰਨਾ 14 ਉੱਤੇ ਸਿਰੀ ਰਾਗ ਦਾ ਆਰੰਭ:
ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਤੇ ਹੁੰਦਾ ਹੈ।

ਸੰਗੀਤ ਜਗਤ ਵਿਚ ਸਿਰੀ ਦੇ ਇਸ ਪੁਰਾਤਨ ਗੌਰਵ ਦੇ ਸਨਮੁਖ ਹੀ ਬਾਣੀ ਦੇ ਪ੍ਰਾਰੰਭ ਵਿਚ ਸਿਰੀ ਨੂੰ ਪ੍ਰਥਮ ਸਥਾਨ ਤੇ ਰੱਖਿਆ ਗਿਆ ਹੈ। ਸਿਰੀ ਰਾਗ ਦੇ ਅਧਿਆਤਮਕ ਮਹੱਤਵ ਨੂੰ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਇਉਂ ਬਿਆਨਿਆ ਹੈ:

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩)

ਭਾਈ ਗੁਰਦਾਸ ਨੇ ਇਸ ਮਹੱਤਵ ਨੂੰ ਇਉਂ ਦ੍ਰਿੜਾਇਆ ਹੈ:
ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ॥
(ਕਬਿਤ ਸਵੱਯੇ ਭਾਈ ਗੁਰਦਾਸ, ਪੰਨਾ ੧੪੯)

ਜਨਮ ਸਾਖੀਆਂ ਵਿਚ ਵੀ ਜਿੱਥੇ ਗੁਰੂ ਨਾਨਕ ਪਾਤਸ਼ਾਹ ਰਾਗਾਂ ਵਿਚ ਬਾਣੀ ਉਚਾਰਦੇ ਹਨ ਉੱਥੇ ਬਾਣੀ ਦਾ ਨਿਰਧਾਰਤ ਰਾਗ ਵਿਚ ਗਾਇਨ ਦਾ ਜਿਕਰ ਵੀ ਮਿਲਦਾ ਹੈ।

ਗੁਰੂ ਕਾਲ ਦੇ ਸਮਕਾਲੀ ਗ੍ਰੰਥਾਂ ਸੰਗੀਤ ਰਤਨਾਕਰ, ਸਵਰਮੇਲ ਕਲਾਨਿਧੀ, ਸੰਗੀਤ ਦਰਪਨ ਅਦਿ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਇਸ ਦੀ ਪਛਾਣ ਇਕ ਸਨਤਾਨੀ ਰਾਗ ਵਜੋਂ ਕੀਤੀ ਜਾਂਦੀ ਹੈ। ਸਿਰੀ ਦੇ ਦੋ ਰੂਪ ਪ੍ਰਾਪਤ ਹੁੰਦੇ ਹਨ। ਸਿਰੀ ਦਾ ਇਕ ਰੂਪ ਕਾਫੀ ਥਾਟ ਦਾ ਹੈ ਅਤੇ ਦੂਸਰਾ ਪੂਰਵੀ ਥਾਟ ਦਾ। ਪੂਰਵੀ ਥਾਟ ਦਾ ਸਰੂਪ ਵਧੇਰੇ ਪ੍ਰਚਲਿਤ ਹੈ ਅਤੇ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਵਿਚ ਇਸੇ ਰਾਗ ਦੀ ਜ਼ਿਆਦਾ ਮਾਨਤਾ ਹੈ। ਇਸ ਰਾਗ ਨਾਲ ਮਿਲਦੇ ਜੁਲਦੇ ਰਾਗ ਪੂਰਵੀ, ਜੈਤਸਰੀ ਅਤੇ ਅਤੇ ਪੂਨੀਆ ਧਨਾਸਰੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ ਦੇ ਅੰਤਰਗਤ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੇਣੀ ਅਤੇ ਭਗਤ ਰਵਿਦਾਸ ਜੀ ਨੇ ਬਾਣੀ ਦਰਜ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ 33 ਪਦੇ, 17 ਅਸ਼ਟਪਦੀਆਂ (ਇਕ ਸ਼ਬਦ ੨੪ ਪਦਿਆਂ ਦਾ), ਪਹਰੇ ਦੋ, ਗੁਰੂ ਅਮਰਦਾਸ ਜੀ ਦੇ 31 ਪਦੇ, ਅੱਠ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਛੇ ਪਦੇ, ਇਕ ਛੰਤ, ਇਕ ਵਣਜਾਰਾ, ਇਕ ਵਾਰ, ਗੁਰੂ ਅਰਜਨ ਦੇਵ ਜੀ 30 ਪਦੇ, ਦੋ ਅਸ਼ਟਪਦੀਆਂ (ਇਕ ਸ਼ਬਦ 21 ਪਦਿਆਂ ਦਾ), ਇਕ ਪਹਰੇ, ਦੋ ਛੰਤ, ਭਗਤ ਕਬੀਰ ਜੀ ਦੇ ਦੋ ਸ਼ਬਦ, ਭਗਤ ਤ੍ਰਿਲੋਚਨ ਜੀ ਦਾ ਇਕ ਸ਼ਬਕ ਅਤੇ ਭਗਤ ਬੇਣੀ ਜੀ ਦਾ ਇਕ ਸ਼ਬਦ, ਭਗਤ ਰਵਿਦਾਸ ਜੀ ਦਾ ਇਕ ਸ਼ਬਦ ਦਰਜ ਹੈ।

ਗੁਰਮਤਿ ਸੰਗੀਤ ਦੇ ਪ੍ਰਥਾ ਅਨੁਸਾਰ ਇਹ ਰਾਗ ਸੋਦਰੁ ਦੀ ਕੀਰਤਨ ਚੌਕੀ ਵਿਚ ਗਾਇਆ ਜਾਂਦਾ ਹੈ। ਕਿਉਂ ਜੋ ਇਸ ਦਾ ਸਮਾਂ ਸ਼ਾਮ ਹੈ ਅਤੇ ਸ਼ਾਮ ਸੰਧੀ ਪ੍ਰਕਾਸ਼ ਦੇ ਨਾਲ ਅੱਗੇ ਆਉਣ ਵਾਲੀ ਰਾਤ ਨਾਲ ਸਬੰਧਿਤ ਪ੍ਰਕਿਰਤੀ ਚਿਤਰਣ ਦੀਆਂ ਮਿਸਾਲਾਂ ਇਸ ਵਿਚੋਂ ਮਿਲ ਜਾਂਦੀਆਂ ਹਨ।

ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਵਿਚੋਂ ਰਾਗਦਾਰੀ ਦੀ ਪਛਾਣ ਰੱਖਣ ਵਾਲੇ ਕੀਰਤਨੀਏ ਹੀ ਇਸ ਨੂੰ ਗਾ ਸਕਦੇ ਹਨ। ਕਿਉਂ ਜੋ ਇਸ ਨੂੰ ਦੂਸਰੇ ਰਾਗਾਂ ਨਾਲੋਂ ਨਿਖੇੜਨ ਦੇ ਨਾਲ ਇਸ ਦੇ ਸੁਰਾਂ ਦਾ ਲਗਾਵ ਰਾਗੀ ਸੰਗੀਤ ਗੁਰੂ ਦੇ ਮੁਖੋਂ ਸੁਣ ਕੇ ਹੀ ਆਉਂਦਾ ਹੈ। ਸਾਡੀ ਸਿਮ੍ਰਤੀ ਵਿਚ ਸਿਰੀ ਰਾਗ ਨੂੰ ਗਿਆਨ ਸਿੰਘ ਅਲਮਸਤ ਨੇ ਪਟਿਆਲਾ ਆਪਣੇ ਕਿਆਮ ਦੌਰਾਨ ਗੁਰਮਤਿ ਸੰਗੀਤਾਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ ਜੀ ਦੇ ਗ੍ਰਹਿ ਵਿਖੇ ਸੁਣਾਇਆ ਉਹ ਵਿਸ਼ੇਸ਼ ਸੀ। ਭਾਈ ਗੁਰਮੀਤ ਸਿੰਘ ਸ਼ਾਂਤ ਦੇ ਗਾਇਨ ਚੋਂ ਇਸ ਦੀ ਖੁਸ਼ਬੋ ਮਿਲਦੀ ਹੈ। ਵਰਤਮਾਨ ਸਮੇਂ ਦੇ ਗੁਰਮਤਿ ਸੰਗੀਤ ਸੇਵੀ ਤੇ ਸਰਪਰਸਤ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਲੇਖਕ ਦੀ ਆਵਾਜ਼ ਵਿਚ ਇਸ ਰਾਗ ਦੀ ਰਿਕਾਰਡਿੰਗ 1992 ਵਿਚ ਕਰਵਾਈ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਇਸ ਦਾ ਪ੍ਰਿੰ. ਬਲਦੇਵ ਸਿੰਘ, ਭਾਈ ਬਲਬੀਰ ਸਿੰਘ ਤੇ ਲੇਖਕ ਨੇ ਸਮੇਂ ਸਮੇਂ ਗਾਇਨ ਕੀਤਾ ਜੋ ਇਨ੍ਹਾਂ ਦੀਆਂ ਰਿਕਾਰਡਿੰਗਜ਼ ਤੋਂ ਆਮ ਮਿਲ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵੈੱਬਸਾਈਟ ਵਿਚ ਭਾਈ ਅਵਤਾਰ ਸਿੰਘ ਅਤੇ ਲੇਖਕ ਦੁਆਰਾ ਸਿਰੀ ਰਾਗ ਵਿਚ ਗਾਇਨ ਸ਼ਬਦ ਦੀ ਰਿਕਾਰਡਿੰਗ ਉਪਲਬਧ ਹੈ। ਇਹ ਰਾਗਾਤਮਕ ਖਜ਼ਾਨਾ ਆਉਣ ਵਾਲੀਆਂ ਪੀੜੀਆਂ ਲਈ ਰਾਹ ਦਸੇਰਾ ਹੋ ਸਕਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਅਨੁਸਾਰ ਰਾਗਮਾਲਾ ਪੇਟਿੰਗਜ਼ ਵਿਚ ਸਿਰੀ ਰਾਗ ਦੇ ਪੁਰਤਾਨ ਚਿੱਤਰ ਉਪਲਬੱਧ ਹਨ। ਪ੍ਰਸਿੱਧ ਚਿੱਤਰਕਾਰ ਦੇਵਿੰਦਰ ਸਿੰਘ ਕੋਲੋਂ ਅਸੀਂ ਬਾਣੀ ਤੇ ਅਧਾਰਤ ਸਿਰੀ ਰਾਗ ਰਚਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਿਮ੍ਰਤੀ ਗ੍ਰੰਥ 1992 ਲਈ ਤਿਆਰ ਕਰਵਾਇਆ ਸੀ ਜਿਸ ਤੇ ਸਿਰੀ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਸਮਕਾਲੀ ਗੁਰਮਤਿ ਸੰਗੀਤ ਰਚਨਾਵਾਂ ਦੇ ਵੱਖ ਵੱਖ ਸੰਮੇਲਨਾਂ ਦੇ ਪ੍ਰਸੰਗ ਵਿਚ ਵੇਖੀਏ ਤਾਂ ਗਿਆਨ ਸਿੰਘ ਐਬਟਾਬਾਦ ਨੇ ਪੁਰਾਤਨ ਰਾਗੀ ਰਬਾਬੀ ਕੀਰਤਨੀਆਂ ਕੋਲੋਂ ਰਾਗਾਤਮਕ ਕੀਰਤਨ ਰਚਨਾਵਾਂ ਦਾ ਜੋ ਸੰਗ੍ਰਹਿ ਕੀਤਾ ਹੈ ਉਸ ਵਿਚ ਭਾਈ ਤਾਬਾ ਜੀ ਦੀਆਂ ਸਿਰੀ ਰਾਗ ਵਿਚ ਸੱਤ ਬੰਦਿਸ਼ਾਂ ਵੀ ਦਿੱਤੀਆਂ ਤੇ ਸੁਰਲਿਪੀਬੱਧ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਗੁਰਮਤਿ ਸੰਗੀਤ ਆਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ, ਇਨ੍ਹਾਂ ਸਤਰਾਂ ਦੇ ਲੇਖਕ (ਡਾ. ਗੁਰਨਾਮ ਸਿੰਘ), ਪ੍ਰੋਫ਼ੈਸਰ ਕਰਤਾਰ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਨੇ ਵੀ ਸਿਰੀ ਰਾਗ ਵਿਚ ਸ਼ਬਦ ਕੀਰਤਨ ਅੰਗ ਤੋਂ ਸਿਰੀ ਰਾਗ ਵਿਚ ਸੁਰਲਿਪੀਬੱਧ ਸ਼ਬਦ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ ਹਨ।

ਬਾਨੀ, ਪ੍ਰੋਫੈਸਰ, ਅਤੇ ਮੁੱਖੀ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*********

**ਜ਼ਰੂਰੀ ਸੂਚਨਾ**

ਮੈਗਜ਼ੀਨ ਮਿਲਣ ਤੇ ਮੋਬਾਈਲ ਨੰਬਰ 9855640630 ਤੇ ਜ਼ਰੂਰ ਸੂਚਿਤ ਕਰੋ ਜੀ।

# ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

**ਅਜੈਪਾਲ ਸਿੰਘ ਚਵਿੰਡਾ**

ਸਿੱਖਾਂ ਦੇ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ ਯੋਗਦਾਨ ਹੈ। ਆਪ ਦਾ ਜਨਮ 31 ਮਾਰਚ 1504 ਈਸਵੀ ਨੂੰ ਮੱਤੇ ਦੀ ਸਰਾਂ ਪਿੰਡ ਵਿੱਚ ਹੋਇਆ। ਆਪ ਖੱਤਰੀ ਜਾਤ ਵਿੱਚੋਂ ਸਨ ਅਤੇ ਇਹਨਾਂ ਦੇ ਪਿਤਾ ਦਾ ਨਾਮ ਫੇਰੂ ਜੀ ਸੀ, ਜੋ ਕਿ ਕੁਝ ਸਮਾਂ ਹਰੀਕੇ ਅਤੇ ਫਿਰ ਖਡੂਰ ਸਾਹਿਬ ਵਿਖੇ ਜਾ ਕੇ ਵੱਸ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਚਾਰਧਾਰਕ ਅਤੇ ਵਿਹਾਰਕ ਰੂਪ ਵਿੱਚ ਅਗਾਹ ਤੋਰਿਆ।

**ਗੁਰੂ ਨਾਨਕ ਦੇਵ ਜੀ ਨਾਲ ਮਿਲਾਪ:** ਆਪ ਬਚਪਨ ਤੋਂ ਹੀ ਧਰਮ ਕਰਮ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਦੇਵੀ ਦੇ ਪ੍ਰੇਮੀ ਸਨ। ਇੱਕ ਵਾਰੀ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਉਪਮਾ ਸੁਣ ਕੇ ਕਰਤਾਰਪੁਰ ਵਿੱਚ ਦੀ ਹੋ ਕੇ ਦੇਵੀ ਮਾਤਾ ਦੇ ਦਰਸ਼ਨਾਂ ਨੂੰ ਜਾਣ ਦਾ ਮਨ ਬਣਾ ਲਿਆ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਰੂਹਾਨੀ ਸ਼ਖਸੀਅਤ ਦਾ ਐਸਾ ਪ੍ਰਭਾਵ ਪਿਆ ਕਿ ਆਪ ਜੀ ਸਦਾ ਵਾਸਤੇ ਗੁਰੂ ਨਾਨਕ ਦੇਵ ਜੀ ਦੇ ਹੀ ਬਣ ਕੇ ਉੱਥੇ ਠਹਿਰ ਗਏ। ਆਪ ਜੀ ਗੁਰੂ ਜੀ ਦੇ ਸਿੱਖ ਬਣ ਗਏ ਅਤੇ ਸੇਵਾ ਕਰਨ ਲੱਗੇ। ਗੁਰੂ ਨਾਨਕ ਦੇਵ ਜੀ ਨੇ ਆਪ ਜੀ ਨੂੰ ਗੁਰਿਆਈ ਲਈ ਸਭ ਪਖ ਤੋਂ ਯੋਗ ਜਾਣਦੇ ਹੋਏ 1538 ਈਸਵੀ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ ਅਤੇ ਆਪ ਜੀ ਸਿੱਖਾਂ ਦੇ ਦੂਜੇ ਗੁਰੂ ਹੋਏ। ਭਾਈ ਬਲਵੰਤ ਜੀ ਨੇ ਆਪਣੀ ਬਾਣੀ ਵਿੱਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ।

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੫)

**ਗੁਰੂ ਜੀ ਦੁਆਰਾ ਜਪੁਜੀ ਸਾਹਿਬ ਬਾਣੀ ਦੀ ਸੰਪਾਦਨਾ:** ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿੱਚ ਆਪ ਜੀ ਨੇ ਉਹਨਾਂ ਦੀ ਸ਼ਾਹਕਾਰ ਰਚਨਾ ਜਪੁ ਜੀ ਸਾਹਿਬ ਦੀ ਸੰਪਾਦਨਾ ਕੀਤੀ। ਜਿਵੇਂ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੁਆਰਾ ਰੋਜ ਦਾ ਨਿਤਨੇਮ ਚਲਾਇਆ ਜਾਂਦਾ ਸੀ ਅਤੇ ਜਿਸ ਬਾਰੇ ਕੋਈ ਲਿਖਤੀ ਰੂਪ ਵਿੱਚ ਅਜੇ ਤੱਕ ਕੁਝ ਨਹੀਂ ਸੀ ਕੀਤਾ ਗਿਆ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਉਹੀ ਮਰਿਆਦਾ ਕਾਇਮ ਕੀਤੀ ਅਤੇ ਉਸ ਨੂੰ ਲਿਖਤੀ ਰੂਪ ਦਿੱਤਾ।

**ਗੁਰੂ ਜੀ ਦੁਆਰਾ ਕੀਰਤਨ ਕੇਂਦਰ ਦੀ ਸਥਾਪਨਾ:** ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਕੀਰਤਨ ਦੀ ਮਰਿਆਦਾ ਨੂੰ ਕਾਇਮ ਰੱਖਿਆ ਅਤੇ ਖਡੂਰ ਸਾਹਿਬ ਨੂੰ ਕੀਰਤਨ ਦਾ ਸੰਸਥਾਗਤ ਕੇਂਦਰ ਵਜੋਂ ਸਥਾਪਿਤ ਕੀਤਾ ਜਿਸ ਸੰਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਪ੍ਰਕਾਰ ਦੱਸਿਆ ਗਿਆ ਹੈ

ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੯੬੭)

ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ:

ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ॥
ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੬)

ਗੁਰੂ ਜੀ ਦੁਆਰਾ ਖਡੂਰ ਸਾਹਿਬ ਵਿਖੇ ਸਵੇਰ ਤੇ ਸ਼ਾਮ ਨੂੰ ਦੀਵਾਨ ਵਿੱਚ ਸ਼ੁਸ਼ੋਭਿਤ ਹੋ ਕੇ ਜਗਿਆਸੂਆਂ ਨੂੰ ਪ੍ਰਭੂ ਜੀ ਨਾਲ ਜੁੜਨ ਲਈ ਅੰਮ੍ਰਿਤਮਈ ਬਚਨਾਂ ਦੀ ਵਰਖਾ ਕਰਦੇ ਅਤੇ ਸਵੇਰੇ ਸ਼ਾਮ ਨੂੰ ਗੁਰੂ ਮਰਿਆਦਾ ਅਨੁਸਾਰ ਰਬਾਬੀਏ ਕੀਰਤਨੀਏ ਕੀਰਤਨ ਕਰਦੇ ਸਨ।

**ਬਾਣੀ ਦੀ ਰਚਨਾ:** ਗੁਰੂ ਜੀ ਨੇ 62 ਸਲੋਕਾਂ ਦੇ ਰੂਪ ਵਿੱਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲਾਰ ਆਦਿ ਰਾਗਾਂ ਅਧੀਨ ਬਾਣੀ ਦੀ ਰਚਨਾ ਕੀਤੀ। ਸ਼ਬਦ ਗਾਇਨ ਦੇ ਪ੍ਰਚਾਰ ਤੇ ਪਸਾਰ ਹਿੱਤ ਆਪ ਦੇ ਦਰਬਾਰ ਵਿੱਚ ਭਾਈ ਮਰਦਾਨਾ ਦੇ ਪੁੱਤਰ ਭਾਈ ਸਜਾਦਾ ਜੀ, ਭਾਈ ਸਾਦੂ ਜੀ, ਭਾਈ ਬਾਦੂ ਜੀ, ਭਾਈ ਰਜਾਦਾ ਜੀ ਅਤੇ ਭਾਈ ਸੱਤਾ ਬਲਵੰਡ ਆਦਿ ਰਬਾਬੀ ਕੀਰਤਨੀਏ ਹੋਏ। ਆਪ ਸਵੇਰੇ ਸ਼ਾਮ ਗੁਰੂ ਦੇ ਦਰਬਾਰ ਵਿੱਚ ਸ਼ਬਦ ਕੀਰਤਨ ਦਾ ਗਾਇਨ ਕਰਦੇ ਸਨ।

**ਗੁਰਮੁਖੀ ਲਿਪੀ ਦੀ ਸੋਧ ਕਰਨਾ:** ਗੁਰੂ ਜੀ ਦੁਆਰਾ ਗੁਰਮੁਖੀ ਲਿਪੀ ਦੀ ਪੈਂਤੀ ਨੂੰ ਸੋਧ ਸਵਾਰ ਕੇ ਪੰਜ ਪੰਜ ਅੱਖਰਾਂ ਦੀ ਵਿਗਿਆਨਿਕ ਲਿਪੀ ਤਿਆਰ ਕੀਤੀ। ਵਿਦਿਆਰਥੀਆਂ ਲਈ ਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਬਾਲ ਬੋਧ ਵੀ ਤਿਆਰ ਕੀਤੇ ਗੁਰਮੁਖੀ ਦੇ ਸੁਧਾਰ ਪ੍ਰਚਾਰ ਲਈ ਖਡੂਰ ਸਾਹਿਬ ਵਿੱਚ ਇੱਕ ਵਿਸ਼ਾਲ ਪਾਠਸ਼ਾਲਾ ਦੀ ਸਥਾਪਨਾ ਕੀਤੀ। ਬੱਚਿਆਂ ਅਤੇ ਬਾਲਗਾਂ ਨੂੰ ਗੁਰੂ ਜੀ ਆਪ ਵੀ ਪੜ੍ਹਾਇਆ ਕਰਦੇ ਸਨ।

**ਗੁਰਬਾਣੀ ਦੀ ਸੰਭਾਲ:** ਗੁਰੂ ਨਾਨਕ ਦੇਵ ਜੀ ਵੱਲੋਂ ਇੱਕਤਰ ਕੀਤੀ ਗਈ ਬਾਣੀ ਅਤੇ ਉਹਨਾਂ ਦੁਆਰਾ ਆਪ ਰਚੀ ਬਾਣੀ ਨੂੰ ਭਾਈ ਪੈੜੇ ਮੋਖੇ ਪਾਸੋਂ ਲਿਖਵਾਇਆ ਅਤੇ ਸੰਭਾਲਿਆ। ਇਸ ਦੇ ਨਾਲ ਨਾਲ ਸਿੱਖੀ ਦਾ ਪ੍ਰਚਾਰ ਵੀ ਕੀਤਾ। ਇਸ ਗੁਰਬਾਣੀ ਨੂੰ ਖਡੂਰ ਸਾਹਿਬ ਵਿਖੇ ਸਵੇਰ ਸ਼ਾਮ ਪੜਿਆ ਅਤੇ ਇਸ ਦਾ ਕੀਰਤਨ ਕੀਤਾ ਜਾਂਦਾ ਸੀ।

**ਇਤਿਹਾਸ ਦੀ ਸੰਭਾਲ:** ਗੁਰੂ ਨਾਨਕ ਦੇਵ ਜੀ ਸਬੰਧੀ ਜੀਵਨ ਸਾਖੀਆਂ ਨੂੰ ਇੱਕਤਰ ਕੀਤਾ ਤੇ ਤਲਵੰਡੀ ਤੋਂ ਭਾਈ ਲਾਲੂ ਚੰਦ ਜੀ ਪਾਸੋਂ ਅਤੇ ਹੋਰ ਆਪ ਜੀ ਨੂੰ ਪੁਰਾਣੇ ਸਿੱਖ ਖਡੂਰ ਸਾਹਿਬ ਵਿਖੇ ਮਿਲਣ ਆਉਂਦੇ ਉਹਨਾਂ ਪਾਸੋਂ ਵੀ ਗੁਰੂ ਨਾਨਕ ਦੇਵ ਜੀ ਦੇ ਉਦਾਸੀਆਂ ਦੇ ਸਾਥੀ ਭਾਈ ਬਾਲੇ ਪਾਸੋਂ ਸਾਖੀਆਂ ਸੁਣੀਆਂ। ਫਿਰ ਇਹ ਸਾਰੀ ਸਮੱਗਰੀ ਨੂੰ ਤਰਤੀਬ ਦੇ ਕੇ ਭਾਈ ਪੈੜੇ ਮੋਖੇ ਪਾਸੋਂ ਲਿਖਵਾਇਆ ਗਿਆ। ਜਿਨਾਂ ਨੂੰ ਖਡੂਰ ਸਾਹਿਬ ਵਿਖੇ ਸੰਗਤਾਂ ਨੂੰ ਗੁਰੂ ਜੀ ਆਪ ਸੁਣਾਇਆ ਕਰਦੇ ਸਨ। ਜਦੋਂ ਭਾਈ ਬਾਲੇ ਨੂੰ ਖਬਰ ਹੋਈ ਤਾਂ ਆਣ ਦਰਸ਼ਨ ਕੀਤੇ ਤੇ ਮਸ਼ਾਲ ਨਾਲੋਂ ਮਸ਼ਾਲ ਜਗਣ ਵਾਂਗੂੰ ਗੁਰੂ ਅੰਗਦ ਦੇਵ ਜੀ ਨੂੰ ਪ੍ਰਤੱਖ ਗੁਰੂ ਨਾਨਕ ਦੇਵ ਜੀ ਦਾ ਰੂਪ ਦੇਖ ਕੇ ਬਹੁਤ ਪ੍ਰਸੰਨ ਹੋਇਆ। ਚਰਨਾਂ ਉੱਤੇ ਸੀਸ ਧਰਿਆ ਤਾਂ ਗੁਰੂ ਜੀ ਨੇ ਉਠਾ ਕੇ ਭਾਈ ਬਾਲੇ ਨੂੰ ਗਲ ਨਾਲ ਲਾ ਲਿਆ ਤੇ ਬੋਲੇ:

ਮ: ੨॥ ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੮੩)

ਉਪਰੋਕਤ ਵਰਣਨ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਜੀ ਦਾ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ ਤੇ ਮਹਾਨ ਯੋਗਦਾਨ ਹੈ। ਉਹਨਾਂ ਨੇ ਵੱਖ-ਵੱਖ ਰਾਗਾਂ ਵਿੱਚ ਬਾਣੀ ਦਾ ਉਚਾਰਨ ਕੀਤਾ ਉਹਨਾਂ ਨੇ ਬਾਣੀ ਕੀਰਤਨ ਕੇਂਦਰਾਂ ਅਤੇ ਗੁਰਮੁਖੀ ਲਿਪੀ ਆਦਿ ਦਾ ਅਵਿਸ਼ਕਾਰ ਕੀਤਾ। ਫਲ ਸਰੂਪ ਗੁਰਮਤਿ ਸੰਗੀਤ ਇੱਕ ਪ੍ਰਫੁੱਲਿਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਵਾਨ ਹੋ ਗਿਆ। ਇਹੀ ਨਹੀਂ ਸਗੋਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਦੀ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸ ਨੂੰ ਜੀਵਨ ਦਾ ਅਨਿਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ ਨਾਲ ਹੀ ਗੁਰਮਤਿ ਸੰਗੀਤ ਨੂੰ ਵਿਕਸਿਤ ਕਰਨ ਵਿੱਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

ਸਹਾਇਕ ਪ੍ਰੋ. ਸੰਗੀਤ
ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ, ਗੁਰਦਾਸਪੁਰ
ਸੰਪ: 9464265464

*********

# ਭਾਈ ਸੁਰਜਨ ਸਿੰਘ ਤਬਲਾ ਵਾਦਕ

**ਭਾਈ ਕਰਮ ਸਿੰਘ ਰਤਨ**

ਇਸ ਲੇਖ ਦੇ ਲੇਖਕ ਭਾਈ ਕਰਮ ਸਿੰਘ ਰਤਨ ਮੇਰੇ ਮਿੱਤਰ ਸਨ। ਉਹ ਮੇਰੇ ਪਿਤਾ ਜੀ ਨਾਲ ਤਬਲਾ ਵਜਾਉਂਦੇ ਰਹੇ ਸਨ ਅਤੇ ਮੇਰੇ ਹੈਡ ਰਾਗੀ ਵੀ ਸਨ। 'ਅੰਮ੍ਰਿਤ ਕੀਰਤਨ' ਦੀ ਪ੍ਰਕਾਸ਼ਨਾ ਦੇ ਆਰੰਭ ਤੋਂ ਹੀ ਉਹ ਲੇਖਕ ਦੇ ਤੌਰ ਤੇ ਇਸ ਨਾਲ ਜੁੜ ਗਏ ਸਨ। ਉਹਨਾਂ ਨੇ ਅਨੇਕਾਂ ਜਾਣਕਾਰੀ ਭਰਪੂਰ ਲੇਖ ਲਿਖੇ ਸਨ। ਉਹਨਾਂ ਦੇ ਲੇਖ ਉਹਨਾਂ ਦੀ ਹੱਡਬੀਤੀ ਨਾਲ ਸਬੰਧਤ ਹੁੰਦੇ ਸਨ। ਉਹਨਾਂ ਵਿੱਚ ਰੌਚਕਤਾ ਤਾਂ ਹੁੰਦੀ ਹੀ ਸੀ ਪਰ ਕਈ ਘਟਨਾਵਾਂ ਤਾਂ ਅਚੰਭਤ ਵੀ ਕਰਦੀਆਂ ਸਨ। ਹਥਲੇ ਲੇਖ ਵਿਚੱ ਜਿਹਨਾਂ ਵਿਅਕਤੀਆਂ ਦਾ ਜ਼ਿਕਰ ਆਇਆ ਹੈ ਉਹਨਾਂ ਵਿੱਚੋਂ ਕਈਆਂ ਨੂੰ ਮੈਂ ਵੀ ਨਿਜੀ ਤੌਰ ਤੇ ਜਾਣਦਾ ਹਾਂ। ਭਾਈ ਮਾਨ ਸਿੰਘ ਪੰਛੀ, ਮਾਸਟਰ ਅਜੀਤ ਸਿੰਘ ਅਤੇ ਗਿਆਨੀ ਈਸ਼ਰ ਸਿੰਘ ਮਸਕੀਨ ਜੀ ਦੇ ਦਰਸ਼ਨ ਮੈਂ ਕੀਤੇ ਹੋਏ ਹਨ। ਮੇਰੇ ਪਿਤਾ ਜੀ (ਭਾਈ ਉੱਤਮ ਸਿੰਘ ਪਤੰਗ) ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿੱਚ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਮੇਰੇ ਤਾਇਆ ਜੀ ਗਿਆਨੀ ਤਖਤ ਸਿੰਘ ਜੀ ਗੁਰਦੁਆਰਾ ਮੰਜੀ ਸਾਹਿਬ ਦੇ ਮੈਨੇਜਰ ਰਹੇ ਸਨ। ਮੈਂ ਪਹਿਲੀ ਦੂਜੀ ਜਮਾਤ ਗੁਰਦੁਆਰਾ ਮੰਜੀ ਸਾਹਿਬ ਦੇ ਸਕੂਲ ਵਿੱਚ ਪੜ੍ਹੀ ਸੀ। ਜਿਹੜੇ ਭਾਈ ਦੀਦਾਰ ਸਿੰਘ ਦਾ ਹਵਾਲਾ ਦਿੱਤਾ ਹੈ ਜਦੋਂ ਉਹ ਭਾਈ ਬਖਸ਼ੀਸ਼ ਸਿੰਘ ਨਾਲ ਤਬਲਾ ਵਜਾਉਂਦਾ ਸੀ ਉਦੋਂ ਮੈਂ ਭਾਈ ਬਖਸ਼ੀਸ਼ ਸਿੰਘ ਜੀ ਨਾਲ ਸਹਾਇਕ ਰਾਗੀ ਦੇ ਤੌਰ ਤੇ ਸਰਵਿਸ ਕਰਦਾ ਸੀ। ਭਾਈ ਦੀਦਾਰ ਸਿੰਘ ਬਹੁਤ ਘਟ ਬੋਲਦਾ ਸੀ। ਹਰ ਸਮੇਂ ਰਿਆਜ਼ ਕਰਦਾ ਰਹਿੰਦਾ ਸੀ। ਖੈਰ- ਅਸੀਂ ਭਾਈ ਕਰਮ ਸਿੰਘ ਰਤਨ ਦੇ ਪਹਿਲਾਂ ਛਪੇ ਲੇਖਾਂ ਨੂੰ ਨਵੇਂ ਪਾਠਕਾਂ ਲਈ ਮੁੜ ਪ੍ਰਕਾਸ਼ਿਤ ਕਰਦੇ ਰਹਾਂਗੇ---ਜਾਗੀਰ ਸਿੰਘ।

ਸਵਰਗੀ ਭਾਈ ਸੁਰਜਨ ਸਿੰਘ ਜੀ ਮਸ਼ਹੂਰ ਤਬਲਾ ਵਾਦਕ ਸਨ, ਜਿਹਨਾਂ ਦਾ ਨਾਮ ਸਿੱਖ ਰਾਗੀ ਜਗਤ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਭਾਈ ਸੁਰਜਨ ਸਿੰਘ ਜੀ ਜਿਸ ਰਾਗੀ ਨਾਲ ਵੀ ਸੰਗਤ ਕਰਨ ਬੈਠ ਜਾਂਦੇ ਸਨ ਉਸ ਰਾਗੀ ਦੀ ਗਾਇਕੀ ਨੂੰ ਚਾਰ ਚੰਨ ਲੱਗ ਜਾਂਦੇ ਸਨ। ਉਹਨਾਂ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਜਿਸ ਰਾਗੀ ਨਾਲ ਸੁਰਜਨ ਸਿੰਘ ਤਬਲੇ ਤੇ ਹੋਵੇਗਾ, ਉਹ ਰਾਗੀ ਜਥਾ ਜ਼ਰੂਰ ਵਧੀਆ ਹੋਵੇਗਾ। ਯਾਨੀ ਕਿ ਸੁਰਜਨ ਸਿੰਘ ਦੇ ਨਾਮ ਤੇ ਹੀ ਰਾਗੀ ਸਿੰਘਾਂ ਨੂੰ ਪ੍ਰੋਗਰਾਮ ਮਿਲ ਜਾਂਦੇ ਸਨ। ਸਰੋਤੇ ਜਿਥੇ ਰਾਗੀ ਸਿੰਘ ਦੇ ਵਾਜੇ ਤੇ ਮਾਇਆ ਧਰਦੇ ਸਨ, ਉਥੇ ਨਾਲ ਹੀ ਸੁਰਜਨ ਸਿੰਘ ਦਾ ਤਬਲਾ ਸੁਣ ਕੇ ਖ਼ੁਸ਼ ਹੋ ਕੇ ਇਨਾਮ ਵਜੋਂ ਉਸ ਨੂੰ ਵੱਖਰੀ ਮਾਇਆ ਭੇਟ ਕਰਦੇ ਸਨ। ਜਿਥੇ ਉਹਨਾਂ ਦੀ ਤਬਲੇ ਦੀ ਤਿਆਰੀ ਸੀ, ਉਥੇ ਹੋਰ ਗੁਣਾਂ ਨਾਲ ਵੀ ਭਰਪੂਰ ਸਨ। ਹਰ ਇਕ ਤਾਲ ਬਾਖੂਬੀ ਵਜਾ ਲੈਂਦੇ ਸਨ ਜਿਸ ਤਰ੍ਹਾਂ ਤੀਨ ਤਾਲ, ਛੋਟਾ ਤੀਨ ਤਾਲ, ਇਕਤਾਲਾ, ਚਾਰ ਤਾਲ, ਧਮਾਰ, ਆੜਾ ਚੋਤਾਲਾ ਮਤ ਤਾਲ, ਫਰੋਦਸਤ, ਝਪਤਾਲ, ਸੂਲ ਤਾਲ, ਬ੍ਰਹਮ ਤਾਲ, ਦੀਪ ਚੰਦੀ ਅਤੇ ਹੋਰ ਵੀ ਕਈ ਤਾਲ ਜਿਹਨਾਂ ਦੇ ਮੈਨੂੰ ਨਾਮ ਯਾਦ ਨਹੀਂ ਸਭ ਵਜਾ ਲੈਂਦੇ ਸਨ। ਹਰ ਤਾਲ ਵਿਚ ਪੂਰੀ੍ਪੂਰੀ ਤਿਆਰੀ ਵੀ ਅਤੇ ਕੰਮ ਵੀ ਦਿਖਾਣਾ ਇਹ ਉਹਨਾਂ ਦੀ ਖ਼ੂਬੀ ਸੀ ਅਤੇ ਹੱਥ ਵਿਚ ਮਿਠਾਸ ਇਤਨੀ ਸੀ ਕਿ ਸਰੋਤਿਆਂ ਦਾ ਮਨ ਕਰਦਾ ਸੀ ਕਿ ਇਹ ਤਬਲਾ ਵਜਾਉਂਦੇ ਰਹਿਣ ਅਤੇ ਅਸੀਂ ਸੁਣਦੇ ਰਹੀਏ। ਉਹਨਾਂ ਦੇ ਹੱਥ ਦੀ ਮਿਠਾਸ ਦੀ ਇਕ ਮਿਸਾਲ ਇਹ ਵੀ ਕਿ ਵੱਡੇ੍ਵੱਡੇ ਪ੍ਰੋਗਰਾਮਾਂ ਵਿੱਚਂ ਜਦੋਂ ਪ੍ਰੋਗਰਾਮ ਖ਼ਤਮ ਕਰਕੇ ਭਾਈ ਸੁਰਜਨ ਸਿੰਘ ਜੀ ਬਾਹਰ ਆਉਂਦੇ ਸਨ ਤਾਂ ਨੌਜਵਾਨ ਮੁੰਡੇ ਤੇ ਕੁੜੀਆਂ ਉਹਨਾਂ ਦੇ ਹੱਥ ਫੜ ਕੇ ਚੁੰਮ ਲੈਂਦੇ ਸਨ।

ਦਾਸ ਨੇ ਆਮ ਤੌਰ ਤੇ ਦੇਖਿਆ ਹੈ ਕਿ ਰਾਗੀ ਸਿੰਘ ਨੇ ਜੇਕਰ ਕੋਈ ਵੱਡਾ ਤਾਲ ਗਾਉਣਾ ਹੋਵੇ ਤਾਂ ਪਹਿਲੇ ਤਬਲੇ ਵਾਲੇ ਨੂੰ ਦੱਸ ਦੇਂਦੇ ਸਨ ਕਿ ਫਲਾਣਾ ਤਾਲ ਵਜਾਣਾ ਹੈ। ਪਰ ਸੁਰਜਨ ਸਿੰਘ ਵਿਚ ਖ਼ਾਸੀਅਤ ਸੀ ਕਿ ਉਸ ਨੂੰ ਬਿਨਾਂ ਦੱਸੇ ਜਿਹੜਾ ਤਾਲ ਮਰਜ਼ੀ ਸ਼ੁਰੂ ਕਰ ਦਿਉ, ਉਹ ਇਕ ਚਕਰ ਸੁਣ ਕੇ, ਦੂਜੇ ਚਕਰ ਤੇ ਸ਼ੁਰੂ ਕਰ ਦੇਂਦਾ ਸੀ, ਫਿਰ ਨਿਰਾ ਤਾਲ ਵਜਾਣਾ ਹੀ ਨਹੀਂ, ਉਸ ਵਿਚ ਪ੍ਰਣਾਂ ਰੇਲੇ ਵਜਾ ਕੇ ਉਸਦੀ ਖ਼ੂਬਸੂਰਤੀ ਵੀ ਵਧਾਉਣੀ। ਇਹ ਗੁਣ ਹਰ ਕਿਸੇ ਵਿਚ ਨਹੀਂ ਹੁੰਦੇ।

ਭਾਈ ਸੁਰਜਨ ਸਿੰਘ ਜੀ ਨੂੰ ਮੈਂ ਪਹਿਲੀ ਵਾਰ ਕਾਨਪੁਰ ਦੇਖਿਆ ਸੀ, ਸੰਨ 1958-59 ਵਿਚ, ਉਦੋਂ ਮੈਂ ਭਾਈ ਮਾਨ ਸਿੰਘ ਪੰਛੀ ਜੀ ਨਾਲ ਗੁਰਦੁਆਰਾ ਸਿੰਘ ਸਭਾ ਲਾਟੂਸ ਰੋਡ ਵਿਖੇ ਸਹਾਇਕ ਰਾਗੀ ਸੀ। ਉਹਨੀਂ ਦਿਨੀਂ ਭਾਈ

ਜਗਜੀਤ ਸਿੰਘ ਰਾਗੀ ਜੋ ਅੱਖਾਂ ਤੋਂ ਹੀਣ ਸਨ, ਇਹ ਕਾਨਪੁਰ ਪਰਿਵਾਰ ਸਮੇਤ ਆਏ ਤੇ ਕੁਛ ਦਿਨ ਉਥੇ ਸਾਡੇ ਪਾਸ ਹੀ ਰਹੇ। ਭਾਈ ਜਗਜੀਤ ਸਿੰਘ ਜੀ ਨੂੰ ਅਸੀਂ ਸਾਰੇ ਜਾਣਦੇ ਸਾਂ। ਇਹ ਪਹਿਲਾਂ ਗੁਰਦੁਆਰਾ ਸਿੰਘ ਸਭਾ ਰਜਮੈਂਟ ਬਜ਼ਾਰ ਅੰਬਾਲਾ ਛਾਉਣੀ ਵਿਖੇ, ਮਾਸਟਰ ਅਜੀਤ ਸਿੰਘ ਜੀ ਨਾਲ ਸਹਾਇਕ ਰਾਗੀ ਸਨ ਅਤੇ ਦਾਸ ਵੀ ਅੰਬਾਲਾ ਵਿਖੇ ਰਹਿੰਦੇ ਰਹੇ ਹਨ। ਇਸ ਲਈ ਅਸੀਂ ਜਾਣਦੇ ਸਾਂ। ਮਾਸਟਰ ਅਜੀਤ ਸਿੰਘ ਰਾਗੀ ਬਹੁਤ ਸੁਲਝੇ ਹੋਏ ਸੰਗੀਤਕਾਰ ਤੇ ਕਲਾਸੀਕਲ ਕਰੀਤਨੀਏ ਸਨ। ਮੇਰਾ ਇਕ ਜਿਗਰੀ ਦੋਸਤ ਸੀ, ਭਾਈ ਦੀਦਾਰ ਸਿੰਘ, ਅੰਬਾਲੇ ਸ਼ਹਿਰ ਦਾ ਸੀ। ਉਸ ਨੇ ਤਬਲਾ ਸਿੱਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਮੈਂ ਉਸ ਨੂੰ ਤਬਲਾ ਸ਼ੁਰੂ ਕਰਾ ਕੇ ਫਿਰ ਮਾਸਟਰ ਅਜੀਤ ਸਿੰਘ ਜੀ ਕੋਲ ਭੇਜ ਦਿੱਤਾ ਕਿਉਂਕਿ ਉਦੋਂ ਮੈਂ ਵੀ ਆਪਣੇ ਪਿਤਾ ਜੀ ਗਿਆਨੀ ਈਸ਼ਰ ਸਿੰਘ ਮਸਕੀਨ ਜੀ ਨਾਲ ਗੁਰਦੁਆਰਾ ਗੋਬਿੰਦਪੁਰਾ ਅੰਬਾਲਾ ਸ਼ਹਿਰ ਵਿਖੇ ਤਬਲਾ ਵਜਾਂਦਾ ਸੀ। ਇਹ ਮੇਰਾ ਦੋਸਤ ਦੀਦਾਰ ਸਿੰਘ ਬਾਅਦ ਵਿਚ ਇਕ ਮਹਾਨ ਕਲਾਕਾਰ ਤਬਲੇ ਦਾ ਹੋ ਨਿਬੜਿਆ, ਜੋ ਕਿ ਹੋਰ ਕਈ ਰਾਗੀਆਂ ਤੋਂ ਇਲਾਵਾ ਭਾਈ ਬਖ਼ਸ਼ੀਸ਼ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਨਾਲ ਕਾਫ਼ੀ ਸਮਾਂ ਤਬਲੇ ਤੇ ਸੰਗਤ ਕਰਦੇ ਰਹੇ। ਮਾਸਟਰ ਅਜੀਤ ਸਿੰਘ ਜੀ ਵੀ ਅੱਖਾਂ ਤੋਂ ਹੀਣ ਸਨ ਲੇਕਿਨ ਸ਼ਾਸ਼ਤਰੀਯ ਸੰਗੀਤ ਦੇ ਮਹਾਨ ਵਿਦਵਾਨ ਸਨ। ਜਿਥੇ ਆਪ ਗਾਇਕੀ ਵਿਚ ਮਾਹਰ ਸਨ, ਉਥੇ ਆਪ ਜੀ ਤਬਲੇ ਦੇ ਮਹਾਨ ਕਲਾਕਾਰ ਸਨ ਅਤੇ ਆਪ ਜੀ ਦੀ ਤਬਲੇ ਦੀ ਬਹੁਤ ਤਿਆਰੀ ਸੀ। ਆਪ ਜੀ ਬਾਅਦ ਵਿਚ ਅੰਬਾਲਾ ਛੱਡ ਗਏ ਸਨ ਅਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਚਲੇ ਗਏ ਤਾਂ ਉਥੇ ਸਚਖੰਡ ਦੀ ਕਮੇਟੀ ਨੇ ਆਪ ਜੀ ਨੂੰ ਪੱਕੀ ਸੇਵਾ ਤੇ ਰੱਖ ਲਿਆ ਅਤੇ ਕੁਛ ਸਮਾਂ ਹਜ਼ੂਰ ਸਾਹਿਬ ਰਹਿ ਕੇ ਫਿਰ ਆਪ ਜੀ ਗੁਰਦੁਆਰਾ ਨਾਨਕ ਝੀਰਾ ਬਿਦਰ ਚਲੇ ਗਏ ਤੇ ਉਥੇ ਸੇਵਾ ਕਰਦੇ ਰਹੇ। ਤੇ ਉਥੇ ਆਪ ਜੀ ਦਾ ਦੇਹਾਂਤ ਹੋ ਗਿਆ। ਭਾਈ ਜਗਜੀਤ ਸਿੰਘ ਜੀ, ਸੁਰਜਨ ਸਿੰਘ ਦੇ ਪਿਤਾ ਨੇ ਮਾਸਟਰ ਅਜੀਤ ਸਿੰਘ ਜੀ ਨਾਲ ਕਾਫ਼ੀ ਸਮਾਂ ਸਹਾਇਕ ਰਾਗੀ ਦੀ ਡਿਊਟੀ ਕੀਤੀ ਸੀ ਅਤੇ ਇਹ ਵੀ ਬਹੁਤ ਸੁਰੀਲੇ ਸਨ, ਬੜੀ ਮਿੱਠੀ ਆਵਾਜ਼ ਸੀ, ਗਾਉਣ ਲੱਗੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦੇਂਦੇ ਸਨ ਅਤੇ ਆਪ ਜੀ ਗ਼ਜ਼ਲ ਵੀ ਬਹੁਤ ਅੱਛੀ ਗਾਉਂਦੇ ਸਨ। ਵੱਡੇ-ਵੱਡੇ ਗ਼ਜ਼ਲਕਾਰ ਉਹਨਾਂ ਨੂੰ ਬੜੇ ਚਾਅ ਨਾਲ ਸੁਣਦੇ ਸਨ ਅਤੇ ਭਾਈ ਜਗਜੀਤ ਸਿੰਘ ਜੀ ਤਬਲੇ ਦੇ ਵੀ ਬਹੁਤ ਅੱਛੇ ਕਲਾਕਾਰ ਸਨ।

ਇਸ ਤਰ੍ਹਾਂ ਸਾਡੀ ਪੁਰਾਣੀ ਵਾਕਫ਼ੀ ਸੀ, ਜਦੋਂ ਭਾਈ ਜਗਜੀਤ ਸਿੰਘ ਜੀ ਸਾਡੇ ਕੋਲ ਕਾਨਪੁਰ ਆਏ ਤਾਂ ਇਹਨਾਂ ਨੇ ਵਿਆਹ ਕੀਤਾ ਹੋਇਆ ਸੀ ਅਤੇ ਇਹਨਾਂ ਦੀ ਪਤਨੀ ਅਤੇ ਦੋ ਬੱਚੇ ਇਹਨਾਂ ਦੇ ਨਾਲ ਸਨ। ਇਕ ਭਾਈ ਸੁਰਜਨ ਸਿੰਘ ਜੀ ਅਤੇ ਇਕ ਉਸ ਦੀ ਭੈਣ ਸੀ। ਉਸ ਸਮੇਂ ਸੁਰਜਨ ਸਿੰਘ ਦੀ ਉਮਰ ਕੋਈ ਅੱਠ ਕੁ ਸਾਲ ਦੇ ਕਰੀਬ ਸੀ ਅਤੇ ਭਾਈ ਜਗਜੀਤ ਸਿੰਘ ਨੇ ਉਦੋਂ ਹੀ ਸੁਰਜਨ ਸਿੰਘ ਨੂੰ ਤਬਲਾ ਵਜਾਉਣਾ ਸਿਖਾਉਣਾ ਸ਼ੁਰੂ ਕਰ ਦਿੱਤਾ ਸੀ। ਉਦੋਂ ਪਹਿਲੀ ਵਾਰ ਮੈਂ ਸੁਰਜਨ ਸਿੰਘ ਨੂੰ ਦੇਖਿਆ ਸੀ।

ਭਾਈ ਸੁਰਜਨ ਸਿੰਘ ਦੇ ਜਨਮ ਬਾਰੇ ਤਾਂ ਦਾਸ ਨੂੰ ਪੂਰਾ ਪਤਾ ਨਹੀਂ ਕਿ ਕਦੋਂ ਤੇ ਕਿੱਥੇ ਹੋਇਆ। ਪਰ ਭਾਈ ਸੁਰਜਨ ਸਿੰਘ ਦੀ ਜ਼ੁਬਾਨੀ ਜੋ ਮੈਨੂੰ ਪਤਾ ਲੱਗਾ ਉਹ ਜਾਣਕਾਰੀ ਮੈਂ ਲਿਖ ਰਿਹਾ ਹਾਂ। ਆਪ ਜੀ ਦੇ ਜਨਮ ਦੇਣ ਵਾਲੇ ਪਿਤਾ ਜੀ ਦਾ ਨਾਮ ਸਰਦਾਰ ਕਿਸ਼ਨ ਸਿੰਘ ਸੀ, ਸੁਰਜਨ ਸਿੰਘ ਦੇ ਬਚਪਨ ਵਿਚ ਹੀ ਉਹਨਾਂ ਦਾ ਦੇਹਾਂਤ ਹੋ ਗਿਆ ਤੇ ਸੁਰਜਨ ਸਿੰਘ ਬਚਪਨ ਵਿਚ ਹੀ ਅਨਾਥ ਹੋ ਗਏ। ਇਹਨਾਂ ਦੇ ਪਿਤਾ ਦੇ ਗੁਜ਼ਰਨ ਤੋਂ ਬਾਅਦ, ਇਹਨਾਂ ਦੀ ਮਾਤਾ ਨੇ ਦੂਸਰਾ ਵਿਆਹ ਭਾਈ ਜਗਜੀਤ ਸਿੰਘ ਰਾਗੀ ਨਾਲ ਕਰ ਲਿਆ। ਭਾਈ ਜਗਜੀਤ ਸਿੰਘ ਜੀ ਦਾ ਪਿਛੋਕੜ ਪਿੰਡ ਜ਼ਿਲਾ ਰੋਪੜ ਦਾ ਹੈ। ਸੁਰਜਨ ਸਿੰਘ ਦੀ ਛੋਟੀ ਭੈਣ ਸੀ ਉਹ ਜਗਜੀਤ ਸਿੰਘ ਦੀ ਸੰਤਾਨ ਸੀ। ਭਾਈ ਜਗਜੀਤ ਸਿੰਘ ਜੀ ਬਹੁਤ ਹੀ ਸੱਜਣ ਪੁਰਸ਼ ਸਨ, ਮਿੱਤਰਾਂ ਦੇ ਮਿੱਤਰ ਅਤੇ ਯਾਰਾਂ ਦੇ ਯਾਰ ਸਨ। ਇਸ ਕਾਰਨ ਭਾਈ ਸੁਰਜਨ ਸਿੰਘ, ਭਾਈ ਜਗਜੀਤ ਸਿੰਘ ਨੂੰ ਆਪਣਾ ਪਿਤਾ ਮੰਨਣ ਲੱਗ ਪਏ ਸਨ। ਸਭ ਤੋਂ ਪਹਿਲਾਂ ਭਾਈ ਜਗਜੀਤ ਸਿੰਘ ਜੀ ਨੇ ਹੀ ਸੁਰਜਨ ਸਿੰਘ ਨੂੰ ਤਬਲਾ ਵਜਾਉਣਾ ਸਿਖਾਣਾ ਸ਼ੁਰੂ ਕੀਤਾ ਸੀ ਅਤੇ ਆਪ ਜੀ ਆਪਣੇ ਨਾਲ ਕੀਰਤਨ ਦੀ ਸੰਗਤ ਵਾਸਤੇ ਨਾਲ ਬਿਠਾਂਦੇ ਰਹੇ। ਜਗਜੀਤ ਸਿੰਘ ਜੀ ਫਿਰਦੇ ਫਿਰਦੇ ਲਖਨਊ ਚਲੇ ਗਏ ਅਤੇ ਲਖਨਊ ਗੁਰਦੁਆਰਾ ਸਿੰਘ ਸਭਾ ਨਾਕਾ ਹਿੰਡੋਲਾ ਵਿਖੇ ਭਾਈ ਕਲਿਆਨ ਸਿੰਘ ਜੀ ਹਜ਼ੂਰੀ ਰਾਗੀ ਲਗੇ ਹੋਏ ਸਨ ਤੇ ਉਹਨਾਂ ਦੇ ਨਾਲ ਸਹਾਇਕ ਰਾਗੀ ਭਾਈ

ਕਲਿਆਨ ਸਿੰਘ ਜੀ ਦਾ ਵੱਡਾ ਭਰਾ ਸੀ। ਉਹਨਾਂ ਦਾ ਦਿਹਾਂਤ ਹੋ ਗਿਆ ਤਾਂ ਭਾਈ ਕਲਿਆਨ ਸਿੰਘ ਜੀ ਨੇ ਭਾਈ ਜਗਜੀਤ ਸਿੰਘ ਨੂੰ ਆਪਣੇ ਨਾਲ ਸਹਾਇਕ ਰਾਗੀ ਲਾ ਲਿਆ ਤੇ ਬਾਅਦ ਵਿੱਚ ਭਾਈ ਸੁਰਜਨ ਸਿੰਘ ਨੇ ਵੀ ਭਾਈ ਕਲਿਆਨ ਸਿੰਘ ਨਾਲ ਤਬਲੇ ਦੀ ਸੇਵਾ ਕੀਤੀ ਅਤੇ ਭਾਈ ਸੁਰਜਨ ਸਿੰਘ ਜਿਥੇ ਡਿਊਟੀ ਕਰਦੇ ਸਨ ਉਥੇ ਹੋਰ ਵੀ ਸਿੱਖਣ ਦਾ ਬਹੁਤ ਸ਼ੌਂਕ ਰਖਦੇ ਸਨ। ਲਖਨਊ ਵਿਖੇ ਭਾਤਖੰਡੇ ਸੰਗੀਤ ਕਾਲਜ ਵਿਚ ਪੰਡਤ ਰਾਮ ਚੰਦਰ ਭੱਟ ਤਬਲੇ ਦੇ ਪ੍ਰੋਫ਼ੈਸਰ ਸਨ, ਉਹਨਾਂ ਤੋਂ ਵੀ ਆਪ ਜੀ ਤਬਲੇ ਦੀ ਸਿੱਖਿਆ ਲੈਂਦੇ ਰਹੇ।

ਇਕ ਵਾਰ ਇਕ ਪ੍ਰੋਗਰਾਮ ਤੇ ਭਾਈ ਕਲਿਆਨ ਸਿੰਘ ਜੀ ਜਥੇ ਸਮੇਤ ਗੁਰਦੁਆਰਾ ਗੁਰੂ ਬਾਗ ਬਨਾਰਸ ਵਿਖੇ ਗਏ ਅਤੇ ਗੁਰੂ ਬਾਗ ਬਨਾਰਸ ਵਿਖੇ ਉਦੋਂ ਭਾਈ ਮਹਿੰਦਰ ਸਿੰਘ ਜੀ ਰਾਗੀ ਕੀਰਤਨ ਦੀ ਸੇਵਾ ਕਰ ਰਹੇ ਸਨ ਅਤੇ ਆਪ ਜੀ ਵੀ ਅੱਖਾਂ ਤੋਂ ਹੀਣ ਸਨ। ਭਾਈ ਮਹਿੰਦਰ ਸਿੰਘ ਜੀ ਬਹੁਤ ਹੀ ਸੁਲਝੇ ਹੋਏ ਸ਼ਾਸ਼ਤਰੀਯ ਸੰਗੀਤ ਦੇ ਮਹਾਨ ਵਿਦਵਾਨ ਹਨ। ਭਾਈ ਮਹਿੰਦਰ ਸਿੰਘ ਜੀ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਗੁਰਦੁਆਰਾ ਗੁਰੂ ਬਾਗ ਬਨਾਰਸ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਬਾਅਦ ਵਿਚ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਕੀਰਤਨ ਦੀ ਸੇਵਾ ਕਰ ਚੁੱਕੇ ਹਨ ਅਤੇ ਅਜ ਕਲ ਸ੍ਰੀ ਪਾਉਂਟਾ ਸਾਹਿਬ ਵਿਖੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ।

ਜਦੋਂ ਭਾਈ ਕਲਿਆਨ ਸਿੰਘ ਜੀ ਬਨਾਰਸ ਗਏ ਤਾਂ ਭਾਈ ਮਹਿੰਦਰ ਸਿੰਘ ਜੀ ਨੇ ਭਾਈ ਸੁਰਜਨ ਸਿੰਘ ਜੀ ਦਾ ਤਬਲਾ ਸੁਣਿਆ ਤਾਂ ਉਹਨਾਂ ਨੇ ਭਾਈ ਸੁਰਜਨ ਸਿੰਘ ਨੂੰ ਆਪਣੇ ਨਾਲ ਰੱਖਣ ਲਈ ਪ੍ਰੇਰ ਲਿਆ ਤੇ ਭਾਈ ਸੁਰਜਨ ਸਿੰਘ ਵੀ ਬਨਾਰਸ ਰਹਿਣਾ ਮੰਨ ਗਏ। ਤੇ ਫਿਰ ਆਪ ਜੀ ਲਖਨਊ ਛੱਡ ਕੇ ਭਾਈ ਮਹਿੰਦਰ ਸਿੰਘ ਜੀ ਨਾਲ ਬਨਾਰਸ ਆ ਗਏ। ਇਥੇ ਆ ਕੇ ਡਿਊਟੀ ਕਰਨ ਦੇ ਨਾਲ -ਨਾਲ ਹੋਰ ਉਸਤਾਦਾਂ ਕੋਲੋਂ ਤਬਲੇ ਦੀ ਸਿੱਖਿਆ ਲੈਂਦੇ ਰਹੇ। ਪਹਿਲਾਂ ਪੰਡਿਤ ਬਿਰਜੂ ਮਹਾਰਾਜ ਜੋ ਕੱਥਕ ਦੇ ਡਾਂਸਰ ਸਨ ਉਹਨਾਂ ਤੋਂ ਕੱਥਕ ਵਜਾਣਾ ਸਿੱਖਿਆ, ਫਿਰ ਪੰਡਤ ਲੱਛੂ ਮਹਾਰਾਜ ਜੀ ਤੋਂ ਵਿਧੀਵਤ ਤਬਲੇ ਦੀ ਸਿੱਖਿਆ ਲਈ। ਪੰਡਿਤ ਲੱਛੂ ਮਹਾਰਾਜ ਦੇ ਬਹੁਤ ਸਾਰੇ ਸ਼ਾਗਿਰਦ ਫ਼ਿਲਮ ਇੰਡਸਟਰੀ ਵਿਚ ਵੀ ਤਬਲੇ ਦੇ ਕਲਾਕਾਰ ਹਨ।

ਭਾਈ ਸੁਰਜਨ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ, ਗੁਰਦੁਆਰਾ ਗੁਰੂ ਬਾਗ਼ ਬਨਾਰਸ, ਗੁਰਦੁਆਰਾ ਸਿੰਘ ਸਭਾ ਲਖਨਊ, ਗੁਰਦੁਆਰਾ ਸਦਰ ਬਾਜ਼ਾਰ ਲਖਨਊ, ਗੁਰਦੁਆਰਾ ਸਿੰਘ ਸਭਾ ਕਾਨਪੁਰ, ਗੁਰਦੁਆਰਾ ਸਿੰਘ ਸਭਾ ਗੋਂਡਾ, ਗੁਰਦੁਆਰਾ ਸਿੰਘ ਸਭਾ ਬਰੇਲੀ, ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ, ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਇਹਨਾਂ ਅਸਥਾਨਾਂ ਤੇ ਤਬਲੇ ਦੀ ਸੇਵਾ ਨਿਭਾਈ। ਭਾਈ ਸੁਰਜਨ ਸਿੰਘ ਨੇ ਜਿਹਨਾਂ ਰਾਗੀ ਸਿੰਘਾਂ ਨਾਲ ਤਬਲੇ ਦੀ ਸੰਗਤ ਕੀਤੀ ਉਹਨਾਂ ਵਿਚ ਦਾਸ ਤੋਂ ਇਲਾਵਾ ਭਾਈ ਕਲਿਆਨ ਸਿੰਘ ਲਖਨਊ, ਭਾਈ ਮਹਿੰਦਰ ਸਿੰਘ ਜੀ ਬਨਾਰਸ, ਭਾਈ ਜੈ ਸਿੰਘ ਜੀ ਸੀਸ ਗੰਜ ਸਾਹਿਬ ਦਿੱਲੀ, ਭਾਈ ਕੁਲਦੀਪ ਸਿੰਘ ਕਾਨਪੁਰ ਅਤੇ ਹੋਰ ਵੀ ਕਈ ਰਾਗੀਆਂ ਨਾਲ ਸੰਗਤ ਕੀਤੀ ਜਿਹਨਾਂ ਦੇ ਨਾਮ ਮੈਨੂੰ ਯਾਦ ਨਹੀਂ।

ਜ਼ਦੋਂ ਆਪ ਜੀ ਭਾਈ ਕਲਿਆਨ ਸਿੰਘ ਨਾਲ ਲਖਨਊ ਵਿਖੇ ਡਿਊਟੀ ਕਰ ਰਹੇ ਸਨ, ਇਕ ਦਿਨ ਛੁੱਟੀ ਲੈ ਕੇ ਅਚਾਨਕ ਹੀ ਮੇਰਠ ਆ ਗਏ। ਦਾਸ ਉਦੋਂ ਗੁਰਦੁਆਰਾ ਸਿੰਘ ਸਭਾ ਮੇਰਠ ਵਿਖੇ ਕੀਰਤਨ ਦੀ ਸੇਵਾ ਤੇ ਲੱਗਾ ਹੋਇਆ ਸੀ। ਉਥੇ ਇਕ ਦਿਨ ਭਾਈ ਸੁਰਜਨ ਸਿੰਘ ਨੇ ਮੈਨੂੰ ਆਪਣਾ ਤਬਲਾ ਸੁਣਾਇਆ ਤਾਂ ਮੈਂ ਸੁਣ ਕੇ ਇਤਨਾ ਖ਼ੁਸ਼ ਹੋਇਆ ਕਿ ਮਨ ਵਿਚ ਧਾਰ ਲਿਆ ਕਿ ਜਦੋਂ ਸਮਾਂ ਮਿਲਿਆ ਮੈਂ ਇਸ ਨੂੰ ਆਪਣੇ ਨਾਲ ਰੱਖਣਾ ਹੈ। ਪਹਿਲੀ ਵਾਰ ਮੈਂ ਇਸ ਨੂੰ ਕਾਨਪੁਰ ਸੰਨ 1959 ਵਿਚ ਦੇਖਿਆ ਸੀ ਜਦੋਂ ਇਹ ਤਕਰੀਬਨ ਅੱਠ ਸਾਲ ਦੇ ਸਨ। ਉਸ ਤੋਂ ਬਾਅਦ ਫਿਰ ਮੈਂ ਹੁਣ ਮੇਰਠ ਵਿਚ ਇਹਨਾਂ ਨੂੰ ਸੰਨ 1972 ਵਿਚ ਵੇਖਿਆ ਸੀ। ਤਕਰੀਬਨ ਬਾਰਾਂ ਸਾਲਾਂ ਬਾਅਦ। ਕੁਦਰਤ ਨੇ ਸਾਡਾ ਮਿਲਾਪ ਕਰਵਾਣਾ ਸੀ। ਭਾਈ ਸੁਰਜਨ ਸਿੰਘ ਜੀ ਆਪਣੀ ਮਾਸੀ ਪਾਸ ਆਲਮ ਬਾਗ਼ ਲਖਨਊ ਹੀ ਰਹਿੰਦੇ ਸਨ, ਉਥੇ ਮੇਲ ਹੋ ਗਿਆ। ਮੈਂ ਉਦੋਂ ਜਥੇ ਸਮੇਤ ਗੁਰਦੁਆਰਾ ਸਦਰ ਬਾਜ਼ਾਰ ਲਖਨਊ ਵਿਖੇ ਕੀਰਤਨ ਦੀ ਸੇਵਾ ਕਰ ਰਿਹਾ ਸਾਂ ਤਾਂ ਮੈਨੂੰ ਤਬਲੇ ਵਾਲੇ ਦੀ ਜ਼ਰੂਰਤ ਪੈ ਗਈ ਤਾਂ ਮੈਂ ਭਾਈ ਸੁਰਜਨ ਸਿੰਘ ਨੂੰ ਆਪਣੇ ਨਾਲ ਪੱਕੇ ਤੌਰ ਤੇ ਰੱਖ ਲਿਆ।

ਹੁਣ ਕੁਝ ਖ਼ਾਸ ਘਟਨਾਵਾਂ ਉਨ੍ਹਾਂ ਦੀ ਜ਼ਿੰਦਗੀ ਦੀਆਂ ਲਿਖਣ ਲੱਗਾ ਹਾਂ। ਸੰਨ 1983 ਵਿਚ, ਯੂ ਪੀ ਸਟੇਟ ਤੋਂ ਪੰਜ ਸੌ ਯਾਤਰੀਆਂ ਦੀ ਯਾਤਰਾ ਪਾਕਿਸਤਾਨ ਦੇ ਗੁਰਧਾਮਾਂ ਲਈ ਗਈ, ਤੇ ਸਾਡੇ ਰਾਗੀ ਜਥੇ ਨੂੰ ਉਹ ਕੀਰਤਨ ਦੀ ਸੇਵਾ ਵਾਸਤੇ ਨਾਲ ਲੈ ਗਏ। ਸਾਡੀ ਏਹ ਯਾਤਰਾ 1 ਜਨਵਰੀ 1983 ਨੂੰ ਅੰਮ੍ਰਿਤਸਰ ਤੋਂ ਰੇਲ ਰਾਹੀਂ ਸ਼ੁਰੂ ਹੋਈ। ਯਾਤਰਾ ਪਹਿਲੇ ਨਨਕਾਣਾ ਸਾਹਿਬ, ਫਿਰ ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ ਤੇ ਬਾਅਦ ਵਿਚ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਗਈ। ਜਦੋਂ ਲਾਹੌਰ ਪੁਜੇ ਤਾਂ ਉਥੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਅਖੰਡ ਪਾਠ ਅਰੰਭ ਕੀਤਾ ਸੀ ਤਾਂ ਭੋਗ ਤੋਂ ਬਾਅਦ ਹੀ ਤਿੰਨਾਂ ਦਿਨਾਂ ਬਾਦ ਵਾਪਸ ਇੰਡੀਆ ਆਉਣਾ ਸੀ। ਜਿਸ ਦਿਨ ਅਖੰਡ ਪਾਠ ਰੱਖਿਆ ਗਿਆ, ਉਸ ਦਿਨ ਭੋਗ ਤੋਂ ਬਾਅਦ ਅਸੀਂ ਬਰੇਕ ਫਾਸਟ ਕਰਕੇ ਲਾਹੌਰ ਦਾ ਅਨਾਰਕਲੀ ਬਾਜ਼ਾਰ ਵੇਖਣ ਦਾ ਪ੍ਰੋਗਰਾਮ ਬਣਾਇਆ ਤਾਂ ਜਦੋਂ ਅਸੀਂ ਲਾਹੌਰ ਦੇ ਕਿਲੇ ਅੱਗੋਂ ਲੰਘ ਕੇ ਬਾਜ਼ਾਰ ਵਿਚ ਗਏ ਤਾਂ ਅੱਗੇ ਬਾਜ਼ਾਰ ਵਿਚ ਕੁਝ ਸੰਗੀਤ ਕਲਾਕਾਰ ਮੁਸਲਮਾਨ ਭਾਈ ਖੜੇ ਹੋਏ ਸਨ। ਉਹ ਸਾਡਾ ਪਹਿਰਾਵਾ ਦੇਖ ਕੇ ਆਪਸ ਵਿੱਚ ਗੱਲਾਂ ਕਰਨ ਲੱਗੇ ਕਿ ਇਹ ਮੁੰਡੇ ਰਾਗੀ ਲੱਗਦੇ ਹਨ। ਮੈਂ ਆਵਾਜ਼ ਸੁਣ ਲਈ ਤੇ ਕਿਹਾ ਜੀ ਤੁਸੀਂ ਠੀਕ ਪਛਾਣਿਐ ਅਸੀਂ ਰਾਗੀ ਹੀ ਹਾਂ। ਤਾਂ ਉਨ੍ਹਾਂ ਸਾਰਿਆਂ ਨੇ ਸਾਡੇ ਤਿੰਨਾਂ ਨਾਲ ਹੱਥ ਮਿਲਾ ਕੇ ਸਤਿ ਸ੍ਰੀ ਅਕਾਲ ਬੁਲਾਈ। ਜ਼ਦੋਂ ਉਨ੍ਹਾਂ ਨੇ ਭਾਈ ਸੁਰਜਨ ਸਿੰਘ ਨਾਲ ਹੱਥ ਮਿਲਾਇਆ, ਤਾਂ ਉਸ ਦਾ ਹੱਥ ਵੇਖ ਕੇ ਇਕ ਬੰਦਾ ਕਹਿਣ ਲੱਗਾ ਕਿ ਇਹ ਮੁੰਡਾ ਤਬਲਾ ਵਜਾਂਦਾ ਹੈ।

ਮੈਂ ਕਿਹਾ ਜੀ ਤੁਸੀਂ ਠੀਕ ਪਛਾਣਿਆ ਹੈ। ਇਹ ਵਾਕਿਆ ਹੀ ਤਬਲਾ ਵਜਾਂਦਾ ਹੈ। ਤਾਂ ਉਹ ਕਹਿਣ ਲੱਗਾ ਕਿ ਇਹਦੇ ਹੱਥ ਤੋਂ ਪਤਾ ਲੱਗਦਾ ਹੈ ਕਿ ਇਹ ਮਾੜਾ ਮੋਟਾ ਤਬਲੀਆ ਨਹੀਂ, ਬਲਕਿ ਚੰਗਾ ਕਲਾਕਾਰ ਵਜੰਤਰੀ ਹੈ। ਮੈਂ ਤਾਂ ਹੈਰਾਨ ਰਹਿ ਗਿਆ। ਉਨ੍ਹਾਂ ਦੀ ਪਛਾਣ ਦੇਖ ਕੇ ਕਿ ਹੱਥ ਵੇਖ ਕੇ ਹੀ ਸਾਰਾ ਕੁਝ ਸਮਝ ਲਿਆ ਹੈ। ਤਾਂ ਉਹ ਕਹਿਣ ਲੱਗਾ ਕਿ ਸਰਦਾਰ ਜੀ ਅਸੀਂ ਇਨ੍ਹਾਂ ਨੂੰ ਸੁਣਨਾ ਹੈ। ਤਾਂ ਮੈਂ ਕਿਹਾ, ਜੀ ਅਸੀਂ ਤਾਂ ਹੁਣ ਘੁੰਮਣ ਜਾ ਰਹੇ ਹਾਂ। ਉਧਰੋਂ ਆ ਕੇ ਪ੍ਰੋਗਰਾਮ ਬਣਾ ਲਵਾਂਗੇ। ਉਦੋਂ ਸਰਦੀਆਂ ਦੇ ਦਿਨ ਸਨ। ਤਾਂ ਮੁਸਲਮਾਨ ਕਲਾਕਾਰਾਂ ਨੇ ਦੁਪਹਿਰ ਬਾਅਦ ਦੋ ਬੰਦੇ ਘੱਲ ਦਿੱਤੇ। ਸੁਰਜਨ ਸਿੰਘ ਨੂੰ ਲੈਣ ਵਾਸਤੇ ਅਤੇ ਬੜੇ ਪਿਆਰ ਤੇ ਸਤਿਕਾਰ ਨਾਲ ਉਸ ਨੂੰ ਨਾਲ ਲੈ ਗਏ। ਤਾਂ ਉਨ੍ਹਾਂ ਨੇ ਲਾਹੌਰ ਦੇ ਹੋਰ ਵੀ ਕੁਝ ਚੰਗੇ ਚੰਗੇ ਕਲਾਕਾਰ ਬੁਲਾ ਲਏ ਤੇ ਮਹਿਫ਼ਲ ਸਜੀ। ਸਭ ਨੇ ਆਪਣਾ ਆਪਣਾ ਫਨ ਪੇਸ਼ ਕੀਤਾ ਤੇ ਅੰਤ ਵਿਚ ਸੁਰਜਨ ਸਿੰਘ ਨੂੰ ਤਬਲਾ ਫੜਾਇਆ।

ਅਸਲ ਗੱਲ ਇਹ ਸੀ ਕਿ ਮੁਸਲਿਮ ਲੋਕ ਆਪਣੇ ਵਰਗੇ ਕਲਾਕਾਰ ਹੋਰ ਕਿਸੇ ਨੂੰ ਨਹੀਂ ਸਮਝਦੇ, ਉਹ ਸਮਝਦੇ ਹਨ ਕਿ ਸਾਡੇ ਵਰਗਾ ਕੋਈ ਹੋ ਹੀ ਨਹੀਂ ਸਕਦਾ। ਇਕ ਕਲਾਕਾਰ ਨੇ ਵਾਜੇ ਤੇ ਨਗਮਾ ਰੱਖਿਆ। ਤੇ ਭਾਈ ਸੁਰਜਨ ਸਿੰਘ ਨੇ ਜਦੋਂ ਤਬਲੇ ਤੇ ਸੋਲੋ ਸ਼ੁਰੂ ਕੀਤੀ, ਤਿੰਨ ਤਾਲ ਦੀ ਤਾਂ ਉਹ ਸਾਰੇ ਹੀ ਕਲਾਕਾਰ ਮੂੰਹ ਵਿਚ ਉਂਗਲਾਂ ਪਾਉਣ ਲੱਗੇ। ਤੇ ਆਪਸ ਵਿਚ ਗੱਲਾਂ ਕਰਨ ਲੱਗੇ ਕਿ ਸਿੱਖਾਂ ਦੇ ਵਿਚ ਵੀ ਐਸਾ ਤਬਲੇ ਵਾਲਾ ਹੋ ਸਕਦਾ ਹੈ । ਫਿਰ ਉਨ੍ਹਾਂ ਨੇ ਖ਼ੁਸ਼ ਹੋ ਕੇ ਭਾਈ ਸੁਰਜਨ ਸਿੰਘ ਨੂੰ ਪਾਰਟੀ ਦੇ ਕੇ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ। ਦੂਜੇ ਦਿਨ ਪਾਰਟੀ ਰੱਖੀ ਗਈ। ਅਸੀਂ ਵੀ ਨਾਲ ਗਏ, ਪਾਕਿਸਤਾਨ ਦੇ ਅੱਛੇ-ਅੱਛੇ ਕਲਾਕਾਰ ਸਭ ਸੱਦੇ ਗਏ। ਤੇ ਪਾਰਟੀ ਵਿਚ ਇਕ ਦੁਸ਼ਾਲਾ ਅਤੇ ਗਿਆਰਾਂ ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਨਾਲ ਸਾਨੂੰ ਵੀ ਇਕ ਇਕ ਸੂਟ ਦੇ ਕੇ ਸਨਮਾਨਿਤ ਕੀਤਾ ਗਿਆ। ਅਗਲੇ ਦਿਨ ਅਸੀਂ ਲਾਹੌਰ ਤੋਂ ਵਾਪਸ ਇੰਡੀਆ ਆ ਗਏ।

ਇਕ ਵਾਰ ਅਸੀਂ ਗੁਰਦੁਆਰਾ ਸਿੰਘ ਸਭਾ ਸ਼ਿਮਲਾ ਦੇ ਸੱਦੇ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਉਥੇ ਗਏ ਤਾਂ ਸ਼ਿਮਲੇ ਰੇਡੀਓ ਸਟੇਸ਼ਨ ਤੇ ਸ੍ਰ. ਤਿਰਲੋਕ ਸਿੰਘ ਤਬਲੇ ਦੀ ਡਿਊਟੀ ਕਰਦੇ ਹਨ। ਇਹ ਉਸਤਾਦ ਕਰਾਮਾਤ ਉਲਾ ਖ਼ਾਂ ਕਲਕੱਤੇ ਵਾਲਿਆਂ ਦੇ ਸ਼ਾਗਿਰਦ ਹਨ। ਤੇ ਭਾਈ ਸੁਰਜਨ ਸਿੰਘ ਦੇ ਦੋਸਤ ਹਨ ਤੇ ਉਸ ਦੀ ਬਹੁਤ ਕਦਰ ਕਰਦੇ ਹਨ। ਉਨ੍ਹਾਂ ਨੂੰ ਪਤਾ ਲੱਗਾ ਕਿ ਅਸੀਂ ਸ਼ਿਮਲੇ ਆਏ ਹੋਏ ਹਾਂ ਤਾਂ ਉਚੇਚੇ ਤੌਰ ਤੇ ਉਹ ਸਾਨੂੰ ਮਿਲਣ ਲਈ ਆਏ। ਵਾਪਸੀ ਜਾਣ ਲੱਗੇ ਉਹ ਸੁਰਜਨ ਸਿੰਘ ਨੂੰ ਨਾਲ ਲੈ ਗਏ ਕਿ ਚਲੋ ਤੁਹਾਨੂੰ ਸ਼ਿਮਲੇ ਦਾ ਟੀ ਵੀ ਅਤੇ ਰੇਡੀਓ ਸਟੇਸ਼ਨ ਦਿਖਾਈਏ। ਜ਼ਦੋਂ ਰੇਡੀਓ ਸਟੇਸ਼ਨ ਤੇ ਪੁੱਜੇ ਤਾਂ ਉਥੇ ਕੁਝ ਲੜਕੀਆਂ ਦੇ ਗਾਣੇ ਅਤੇ ਡਾਂਸ ਦੀ ਰਿਹਰਸਲ ਸੀ, ਤਾਂ ਸ. ਤਿਰਲੋਕ ਸਿੰਘ ਜੀ ਨੇ ਭਾਈ ਸੁਰਜਨ ਸਿੰਘ ਨੂੰ ਤਬਲਾ ਵਜਾਉਣ ਬਿਠਾ ਦਿੱਤਾ। ਜਦੋਂ ਸੁਰਜਨ ਸਿੰਘ ਨੇ ਤਬਲਾ

ਵਜਾਇਆ ਤਾਂ ਸਭ ਨਿਹਾਲ ਹੋ ਗਏ। ਰੇਡੀਓ ਸਟੇਸ਼ਨ ਦਾ ਸੰਗੀਤ ਡਾਇਰੈਕਟਰ ਉਥੇ ਬੈਠਾ ਸੁਣ ਰਿਹਾ ਸੀ, ਉਹ ਇਤਨਾ ਖ਼ੁਸ਼ ਹੋਇਆ ਕਿ ਉਸ ਨੇ ਨੌਕਰੀ ਦਾ ਫ਼ਾਰਮ ਆਪ ਹੀ ਭਰ ਕੇ ਲੈ ਆਂਦਾ ਤੇ ਸੁਰਜਨ ਸਿੰਘ ਨੂੰ ਕਹਿਣ ਲੱਗੇ ਕਿ ਇਸ ਫਾਰਮ 'ਤੇ ਸਾਈਨ ਕਰ ਦਿਓ, ਤਾਂ ਸੁਰਜਨ ਸਿੰਘ ਨੇ ਪੁੱਛਿਆ ਕਿ ਇਹ ਮੇਰੇ ਤੋਂ ਕਿਸ ਚੀਜ਼ ਦੇ ਦਸਖ਼ਤ ਕਰਵਾ ਰਹੇ ਹੋ ਤਾਂ ਡਾਇਰੈਕਟਰ ਕਹਿਣ ਲੱਗਾ ਕਿ ਤੁਹਾਨੂੰ ਅੱਜ ਤੋਂ ਰੇਡੀਓ 'ਤੇ ਪੱਕੀ ਸਰਵਿਸ 'ਤੇ ਰੱਖ ਲਿਆ ਗਿਆ ਹੈ। ਪਰ ਭਾਈ ਸੁਰਜਨ ਸਿੰਘ ਜੀ ਇਤਨੇ ਮਹਾਨ ਕਲਾਕਾਰ ਹੁੰਦਿਆਂ ਹੋਇਆਂ ਫ਼ਕੀਰ ਤਬੀਅਤ ਦੇ ਮਾਲਕ ਸਨ, ਕਹਿਣ ਲੱਗੇ, 'ਜੋ ਗੁਰੂ ਚਰਨਾਂ ਵਿਚ ਕੀਰਤਨ ਕਰਨ ਨਾਲ ਤਬਲਾ ਵਜਾ ਕੇ ਅਨੰਦ ਮਿਲਦਾ ਹੈ ਉਸ ਤੋਂ ਐਸੀਆਂ ਹਜ਼ਾਰਾਂ ਨੌਕਰੀਆਂ ਮੈਂ ਕੁਰਬਾਨ ਕਰਦਾ ਹਾਂ।'

ਇਕ ਵਾਰ ਅਸੀਂ ਗਿ: ਸੰਤ ਸਿੰਘ ਮਸਕੀਨ ਜੀ ਨਾਲ ਗੁਰੂ ਨਾਨਕ ਪ੍ਰਕਾਸ਼ ਪੁਰਬ 'ਤੇ ਭਾਈ ਜੋਗਾ ਸਿੰਘ ਦੇ ਗੁਰਦੁਆਰਾ ਬੰਬਈ ਗਏ ਤਾਂ ਇਕ ਦਿਨ ਸ਼ਾਮ ਨੂੰ ਅਸੀਂ ਬਜ਼ਾਰ ਘੁੰਮਣ ਚਲੇ ਗਏ। ਅਸੀਂ ਦਾਦਰ ਰੋਡ 'ਤੇ ਜਾ ਰਹੇ ਸਾਂ ਕਿ ਇਕ ਕਾਰ ਸਾਡੇ ਕੋਲੋਂ ਲੰਘ ਗਈ, ਤੇ ਅੱਗੇ ਜਾ ਕੇ ਉਹ ਕਾਰ ਰੁਕ ਗਈ। ਸਾਨੂੰ ਰੁਕਣ ਦਾ ਇਸ਼ਾਰਾ ਕੀਤਾ, ਉਸ ਕਾਰ ਵਿਚੋਂ ਇਕ ਆਦਮੀ ਉਤਰਿਆ ਤੇ ਉਸ ਨੇ ਸੁਰਜਨ ਸਿੰਘ ਦੇ ਅੱਗੇ ਹੋ ਕੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ। ਸੁਰਜਨ ਸਿੰਘ ਨੇ ਉਸ ਨੂੰ ਪਛਾਣਿਆ ਨਹੀਂ। ਫਿਰ ਉਸ ਨੇ ਦੱਸਿਆ ਕਿ ਮੈਂ ਤੁਹਾਡਾ ਗੁਰ ਭਾਈ ਹਾਂ। ਪੰਡਿਤ ਲਛੂ ਮਹਾਰਾਜ ਤੋਂ ਇਕੱਠੇ ਹੀ ਸਿੱਖਦੇ ਰਹੇ ਹਾਂ ਤਾਂ ਸੁਰਜਨ ਸਿੰਘ ਨੇ ਪਛਾਣ ਲਿਆ। ਉਸ ਦੱਸਿਆ ਕਿ ਮੈਂ ਇਕ ਪ੍ਰੋਗਰਾਮ 'ਤੇ ਜਾ ਰਿਹਾ ਹਾਂ ਆਸ਼ਾ ਭੌਂਸਲੇ ਦਾ ਇਕ ਸਟੇਜ ਪ੍ਰੋਗਰਾਮ ਹੈ, ਉਸ ਨਾਲ ਤਬਲਾ ਵਜਾਉਣਾ ਹੈ । ਤੇ ਉਹ ਕਹਿਣ ਲੱਗਾ ਕਿ ਤੁਸੀਂ ਵੀ ਚੱਲੋ, ਪ੍ਰੋਗਰਾਮ ਸੁਣਿਆ ਜੇ। ਉਥੇ ਪਾਸ ਨਾਲ ਐਂਟਰੀ ਸੀ, ਪਰ ਉਸ ਕਲਾਕਾਰ ਦੇ ਨਾਲ ਹੋਣ ਕਾਰਨ ਸਾਨੂੰ ਵੀ ਐਂਟਰੀ ਮਿਲ ਗਈ। ਜਦੋਂ ਆਸ਼ਾ ਭੌਂਸਲੇ ਸਟੇਜ 'ਤੇ ਆ ਗਈ, ਤਾਂ ਇਸ ਦੇ ਦੋਸਤ ਨੇ ਸੁਰਜਨ ਸਿੰਘ ਨੂੰ ਸਟੇਜ 'ਤੇ ਬੁਲਾ ਲਿਆ। ਆਪਣੀ ਥਾਂ 'ਤੇ ਬੈਠਣ ਲਈ ਕਿਹਾ ਤਾਂ ਸੁਰਜਨ ਸਿੰਘ ਨੇ ਕਾਫ਼ੀ ਨਾਂਹ-ਨੁੱਕਰ ਕੀਤੀ, ਪਰ ਉਸ ਨੇ ਮਨਾ ਹੀ ਲਿਆ, ਤਾਂ ਸੁਰਜਨ ਸਿੰਘ ਨੂੰ ਬਿਠਾ ਦਿੱਤਾ ਤਾਂ ਆਸ਼ਾ ਕਹਿਣ ਲੱਗੀ ਕਿ ਯੇਹ ਸਰਦਾਰ ਜੀ ਕਿਆ ਬਜਾਏਂਗੇ ਤਾਂ ਇਸ ਦੇ ਦੋਸਤ ਨੇ ਕਿਹਾ ਕਿ ਮੈਡਮ ਇਕ ਵਾਰ ਸੁਣ ਕੇ ਤਾਂ ਦੇਖੋ। ਜਦੋਂ ਆਸ਼ਾ ਨੇ ਸੁਰਜਨ ਸਿੰਘ ਦਾ ਤਬਲਾ ਸੁਣਿਆ ਤਾਂ ਉਹ ਇਤਨੀ ਪ੍ਰਸੰਨ ਹੋਈ ਕਿ ਸਾਰੇ ਪ੍ਰੋਗਰਾਮ ਵਿੱਚ ਸੁਰਜਨ ਸਿੰਘ ਤੋਂ ਹੀ ਤਬਲਾ ਵਜਵਾਇਆ। ਸਮਾਪਤੀ ਬਾਅਦ ਆਸ਼ਾ ਭੌਂਸਲੇ ਨੇ ਬੜਾ ਯਤਨ ਕੀਤਾ ਕਿ ਤੁਸੀਂ ਇਥੇ ਆ ਜਾਓ, ਮੈਂ ਤੁਹਾਨੂੰ ਫ਼ਿਲਮ ਇੰਡਸਟਰੀ ਵਿਚ ਜਗ੍ਹਾ ਦਿਵਾ ਦੇਂਦੀ ਹਾਂ। ਪਰ ਸੁਰਜਨ ਸਿੰਘ ਜੀ ਕਹਿਣ ਲੱਗੇ ਕਿ ਜੇ ਮੈਂ ਡਿਊਟੀ ਨੌਕਰੀ ਕਰਨੀ ਹੀ ਹੈ ਤਾਂ ਸਿਰਫ਼ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਕਰਨੀ ਹੈ, ਹੋਰ ਕਿਸੇ ਦੀ ਨਹੀਂ ਕਰਨੀ।

ਭਾਈ ਸੁਰਜਨ ਸਿੰਘ ਜੀ ਐਸੇ ਮਹਾਨ ਕਲਾਕਾਰ ਹੁੰਦਿਆਂ ਹੋਇਆਂ ਬਿਲਕੁਲ ਸਾਧ ਫ਼ਕੀਰ ਤਬੀਅਤ ਦੇ ਮਾਲਕ ਸਨ। ਹੰਕਾਰ ਤਾਂ ਉਨ੍ਹਾਂ ਦੇ ਨੇੜੇ ਕਦੇ ਢੁਕਿਆ ਹੀ ਨਹੀਂ। ਅਤੇ ਬਹੁਤ ਹੀ ਮਿੱਠ ਬੋਲੜੇ ਤੇ ਸੱਜਣ ਪੁਰਸ਼ ਸਨ। ਉਨ੍ਹਾਂ ਦੀ ਸਰੀਰਕ ਬਾਡੀ ਬਹੁਤ ਤਗੜੀ ਸੀ, ਕੱਦ 6 ਫੁੱਟ ਦੇ ਕਰੀਬ ਸੀ, ਪਰ ਰੰਗ ਸਾਂਵਲਾ ਸੀ। ਪਰ ਨੈਣ-ਨਕਸ਼ ਬਹੁਤ ਸੋਹਣੇ ਸਨ। ਅਸੀਂ ਉਨ੍ਹਾਂ ਨੂੰ ਕਦੇ ਵੀ ਕਿਸੇ ਨਾਲ ਲੜਦਿਆਂ ਨਹੀਂ ਵੇਖਿਆ। ਉਨ੍ਹਾਂ ਦਾ ਕੋਈ ਦੁਸ਼ਮਣ ਹੀ ਨਹੀਂ ਸੀ ਤੇ ਲੜਨਾ ਕਿਹਦੇ ਨਾਲ ਸੀ, ਪਰ ਆਖ਼ਰੀ ਉਮਰ ਉਨ੍ਹਾਂ ਦੀ ਬਹੁਤ ਹੀ ਦੁੱਖ ਭਰੀ ਬੀਤੀ। ਇਕ ਵਾਰ ਐਕਸੀਡੈਂਟ ਹੋ ਗਿਆ ਤੇ ਉਨ੍ਹਾਂ ਦੀ ਬਾਂਹ ਟੁੱਟ ਗਈ ਸੀ ਤੇ ਤਬਲਾ ਵਜਾਉਣ ਤੋਂ ਰਹਿ ਗਏ ਸਨ। ਫਿਰ ਲਖਨਊ ਵਿਖੇ ਹੀ ਇਕ ਹੋਰ ਐਕਸੀਡੈਂਟ ਹੋ ਗਿਆ ਜਿਸ ਵਿਚ ਆਪ ਜੀ ਦਾ ਦੇਹਾਂਤ ਹੋ ਗਿਆ। ਪਰ ਐਸੇ ਸੱਜਣ ਦੁਨੀਆ 'ਤੇ ਬਹੁਤ ਘੱਟ ਆਉਂਦੇ ਹਨ ਅਤੇ ਕਦੇ ਕਦਾਈਂ ਹੀ ਆਉਂਦੇ ਹਨ। ਮੈਂ ਆਪਣੇ ਵੱਲੋਂ ਦਿਲ ਦੀ ਡੂੰਘਾਈ 'ਚ ਸ਼ਰਧਾ ਪ੍ਰਗਟ ਕਰਦਾ ਹਾਂ ਤੇ ਇਸ ਸੰਤ ਪੁਰਸ਼ ਤੇ ਮਹਾਨ ਕਲਾਕਾਰ ਨੂੰ ਨਮਸਕਾਰ ਕਰਦਾ ਹਾਂ।

**ਇਹ ਲੇਖ ਅੰਮ੍ਰਿਤ ਕੀਰਤਨ ਦੇ ਸਤੰਬਰ ੨੦੦੮ ਅੰਕ ਵਿੱਚੋਂ ਲਿਆ ਗਿਆ ਹੈ।**


*********

# Bhai Surjeet Singh (Tagore Garden)

**Dr. Amardev Singh**

Bhai Surjeet Singh Ji was born into a Hindu family in the Pakistan side of Punjab before the partition in 1947. His father's name was Gurditta Mal and his mother was Kesar Bai. In those days, polio was prevalent in Punjab resulting in many deaths and disabilities. Bhai Surjeet Singh Ji was also a victim of this disease. He contracted it at a very young age and became seriously ill. Although his mother was a Hindu, she used to visit the Gurdwara frequently for years and during this hard time she made a vow that if he recovered, she would raise him as a Sikh. Following his recovery, he was given 'Amrit' and took on the name Surjeet Singh. Although he had recovered, the disease left a permanent impact on his life. He had lost function of both his lower limbs and could not stand or walk. Despite his disability, he never gave up and learned how to move around using a wheelchair.

As a Kirtani, Bhai Surjeet Singh Ji was blessed with a very rich and melodious voice. He spent some time in Rohtak, Haryana where he learned Kirtan and also completed a course in Gurbani Santhya to be able to serve as a Granthi as well. As told to me by Bhai Harbans Singh Suraj, he was well respected and even the renowned Parcharak, Giani Sant Singh Ji Maskeen held him in high regard. During the annual Samagam held in Alwar, Rajasthan in 1977, Maskeen Ji requested Bhai Surjeet Singh Ji to recite Rehras Sahib before commencement of the Samagam. Bhai Surjeet Singh Ji also served as a Granthi in Gurdwara Sahib Katong, Singapore sometime in the 1990s and he passed away peacefully in the month of April in 2001. He had just performed Kirtan at Gurdwara Sahib Punjabi Bagh and after consuming 'parshad', he was about to get into a taxi. As he was being supported from his wheelchair to the back seat of the taxi by his 'saathi', he took his last breath. He left for his heavenly abode within the compound of the Gurdwara Sahib. The above information was obtained from his niece, Ms. Seema Khurana who was very close to him.



**e-mail: kirtansewamalaysia@gmail.com**

# ਰਾਗ ਦੇਸੀ

ਪ੍ਰੋ. ਗੁਰਬਖਸ਼ ਸਿੰਘ

ਆਸਾਵਰੀ ਠਾਠ ਦੇ ਇਸ ਰਾਗ ਦੇ ਆਰੋਹ ਵਿੱਚ ਗੰਧਾਰ ਅਤੇ ਧੈਵਤ ਵਰਜਤ ਹਨ ਪਰ ਅਵਰੋਹ ਸੰਪੂਰਨ ਹੈ। ਗੰਧਾਰ, ਨਿਖਾਦ ਕੋਮਲ, ਦੋਵੇਂ ਧੈਵਤ ਅਤੇ ਬਾਕੀ ਸੁਰ ਸ਼ੁੱਧ ਹਨ। ਦਿਨ ਦੇ ਦੂਸਰੇ ਪਹਿਰ ਦੇ ਇਸ ਰਾਗ ਵਿੱਚ ਪੰਚਮ ਵਾਦੀ ਅਤੇ ਰਿਖਬ ਸੰਵਾਦੀ ਸੁਰ ਹਨ। ਕੁਝ ਗਾਇਕ ਦੋਨੋਂ ਨਿਖਾਦ ਜਾਂ ਫਿਰ ਸਿਰਫ ਸ਼ੁੱਧ ਨਿਖਾਦ, ਕੁਝ ਸਿਰਫ ਸ਼ੁੱਧ ਧੈਵਤ ਦੀ ਦੇਸੀ ਵੀ ਗਾਉਂਦੇ ਹਨ ਪਰ ਪ੍ਰਚਲਤ ਦੇਸੀ ਵਿੱਚ ਕੋਮਲ ਨਿਖਾਦ ਅਤੇ ਦੋਵੇਂ ਧੈਵਤ ਹੀ ਵਰਤੇ ਜਾਂਦੇ ਹਨ। ਕੋਮਲ ਧੈਵਤ ਦੀ ਵਰਤੋਂ ਨਾਲ ਇਸ ਰਾਗ ਵਿੱਚ ਰੰਜਿਕਤਾ ਪੈਦਾ ਹੁੰਦੀ ਹੈ। ਇਸ ਰਾਗ ਦੀ ਚਾਲ ਵਕ੍ਰ ਹੈ।

**ਆਰੋਹ:** ਸ ਰ ਮ ਪ, ਧ ਮ ਪ ਨੁ ਸੰ।

**ਅਵਰੋਹ:** ਸੰ ਪ ਧ ਮ ਪ ਗੁ ਰ, ਗੁ–ਸ ਰ ਨੁ̣ ਸ।

**ਮੁੱਖ ਅੰਗ:** ਪ ਗੁ–ਰ ਗੁ ਸ ਰ ਨੁ̣ ਸ।

**ਚਾਲ:** $^{\text{ਸ}}$ਰ $^{\text{ਸ}}$ਨੁ̣–ਸ,ਸਰ $^{\text{ਸ}}$ਗੁ–ਸਰਨੁ̣ਸਪ̣ਧ̣ਮ̣ਪ̣ਨੁ̣ਸ,ਸ–ਰਪਗੁ–ਰ–ਰਗੁਸਰ
ਨੁ̣–ਸ,ਸਰ $^{\text{ਸ}}$ਨੁ̣ਸ, ਸ $^{\text{ਮ}}$ਰ $^{\text{ਪ}}$ਮ ਪ–ਮਪਧਮਪ,ਮਪਧਮਪਗੁਰ–ਰਗੁ–ਸ
ਰਨੁ̣ਸ,ਸ $^{\text{ਮ}}$ਰਗੁਰ–ਪਗੁਰ–ਰਮਪਧਮਪਗੁਰ–ਰਗੁ–ਸਰਨੁ̣ਸ,ਪਰ–
ਮਪਧਪ,ਪ–ਧੁਮਪਗੁਰ–ਨੁ̣–ਸ,ਮਪ $^{\text{ਸੰ}}$ਨੁਸੰ–ਪਧਮਪ $^{\text{ਸੰ}}$ਨੁਸੰ,ਮਪਸੰ–
ਰੰਗੁੰ–ਸੰਰੰਨੁਸੰ,ਸੰ–ਪਧੁਮਪਗੁਰ–ਰਗੁ–ਸਰਨੁ̣–ਸ।

## ਦੇਸੀ (ਝੱਪ ਤਾਲ)

**ਅੰਤਰਜਾਮੀ ਸੋ ਪ੍ਰਭੁ ਪੂਰਾ ॥ ਦਾਨੁ ਦੇਇ ਸਾਧੂ ਕੀ ਧੂਰਾ ॥੧॥**
**ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੀ ਓਟ ਪੂਰਨ ਗੋਪਾਲਾ ॥੧॥ ਰਹਾਉ ॥**
**ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥**
**ਜਿਸ ਨੋ ਨਦਰਿ ਕਰੇ ਸੋ ਧਿਆਏ ॥ ਆਠ ਪਹਰ ਹਰਿ ਕੇ ਗੁਣ ਗਾਏ ॥੩॥**
**ਜੀਅ ਜੰਤ ਸਗਲੇ ਪ੍ਰਤਿਪਾਰੇ ॥ ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥**
**(ਵਡਹੰਸੁ ਮਹਲਾ ੫) ਅੰਗ ੫੬੩**

## ਅਸਥਾਈ

| | | | | | | | | | |
|---|---|---|---|---|---|---|---|---|---|
| ਗੁ | ਗੁ | $^{\text{ਗੁ}}$ਰ | – | ਗੁ | ਸ | ਰ | ਨੁ̣ | – | ਸ |
| ਕ | ਰ | ਕਿ | ऽ | ਰ | ਪਾ | ऽ | ਪ੍ | ऽ | ਭ |

| | | | | | | | | | |
|---|---|---|---|---|---|---|---|---|---|
| ਰ | ਮ | ਪਧੁ | ਮ | ਮਪ | $^{\text{ਪ}}$ਗੁ | — | ਰ | — | ਸ |
| ਦੀ | ऽ | ਨੁऽ | ऽ | ਦਇ | ਆ | ऽ | ਲਾ | ऽ | ऽ |
| $^{\text{ਪ}}$ਮ | — | ਪ | — | ਮਪ | $^{\text{ਪ}}$ਸੰ | — | $^{\text{ਨੁ}}$ਪ | — | ਪ |
| ਤੇ | ऽ | ਗੀ | ऽ | ऽऽ | ਓ | ऽ | ਟ | ऽ | ਪੂ |
| ਪ | ਧੁ | ਮ | — | ਪ | $^{\text{ਪ}}$ਗੁ | — | ਰ | ਸਨੁ | ਸ |
| ਰ | ਨ | ਗੋ | ऽ | ऽ | ਪਾ | ऽ | ਲਾ | ऽऽ | ऽ |
| × | | ੨ | | | ੦ | | ੩ | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਮ | ਪ | ਨੁ | ਪ | ਮਪ | $^{\text{ਪ}}$ਸੰ | — | ਸੰ | — | — |
| ਅੰ | ऽ | ਤ | ऽ | ਰऽ | ਜਾ | ऽ | ਮੀ | ऽ | ऽ |
| ਨ | ਸੰ | ਰੰ | — | ਗੁੰ | ਰੰ | ਸੰ | ਨੁ | ਧ | ਪ |
| ਸੋ | ऽ | ਪ੍ਰ | ऽ | ਭ | ਪੂ | ऽ | ਰਾ | ऽ | ऽ |
| ਮ | ਪ | ਸੰ | — | ਪ | ਪ | ਧੁ | ਮ | — | ਪ |
| ਦਾ | ऽ | ਨ | ऽ | ਦੇ | ਇ | ऽ | ਸਾ | ऽ | ऽ |
| $^{\text{ਮ}}$ਗੁ | — | ਰ | — | ਗੁ | $^{\text{ਸ}}$ਰ | — | ਨੁ | — | ਸ, |
| ਧੂ | ऽ | ਕੀ | ऽ | ऽ | ਧੂ | ऽ | ਰਾ | ऽ | ऽ, |
| × | | ੨ | | | ੦ | | ੩ | | |

## ਦੇਸੀ (ਤਿੰਨ ਤਾਲ)

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਰ | ਮ | ਪਧੁ | ਮ | ਪ |
| | | | | | | | | | | | ਕ | ਰ | ਕਿऽ | ऽ | ਰ |
| ਗੁ | — | ਰ | ਰ | ਰ | ਗੁ | ਰ | ਗੁਗੁ | ਰ | ਨੁ | ਸ | $^{\text{ਮ}}$ਰ | — | ਸ | — | ਧ |
| ਪਾ | ऽ | ਪ੍ਰ | ਭ | ਦੀ | ऽ | ਨ | ਦਇ | ਆ | ऽ | ਲਾ | ਤੇ | ऽ | ਗੀ | ऽ | ऽ |
| ਸੰ | — | ਨੁਧ | ਪ | ਪਧੁ | ਮ | ਪਧੁ | ਮਪ | ਗੁ | — | ਰਸ | ਸ | ਰ | ਮ | — | ਪ |
| ਓ | ऽ | ਟऽ | ਪੂ | ਰऽ | ਨ | ਗੋऽ | ऽऽ | ਪਾ | ऽ | ਲਾऽ | ਕ | ਰ | ਕਿ | ऽ | ਰ |
| × | | | | ੨ | | | | ੦ | | | | ੩ | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮ | ਪ | ਨੁ | ਮ | ਪ |
| | | | | | | | | | | | ਅੰ | ऽ | ਤ | ऽ | ਰ |
| ਸੰ | — | ਸੰ | — | ਰੰ | — | ਰੰ | ਗੁੰ | ਰੰ | ਸੰ | ਨੁਧ | ਮ | ਪ | ਸੰ | — | ਪ— |
| ਜਾ | ऽ | ਮੀ | ऽ | ਸੋ | ऽ | ਪ੍ਰ | ਭ | ਪੂ | ऽ | ਰਾऽ | ਦਾ | ऽ | ਨ | ऽ | ਦੇऽ |
| ਪ | ਧੁ | ਪ | ਮਪ | ਗੁ | — | ਰ | ਸਨੁ | ਰ | — | ਸ, | ਰ | ਮ | ਪ | ਨੁ | ਮਪ |
| ਇ | ऽ | ਸਾ | ऽऽ | ਧੂ | — | ਕੀ | ऽऽ | ਧੂ | ऽ | ਰਾ, | ਤੇ | ऽ | ਗੀ | ऽ | ऽऽ |
| ਸੰ | — | ਨੁਧ | ਪ | | | | | | | | | | | | |
| ਓ | ऽ | ਟऽ | ਪੂ | | | | | | | | | | | | |
| × | | | | ੨ | | | | ੦ | | | | ੩ | | | |

e-mail: gurbuxsingh@gmail.com

www.alpoverseas.com


THE ALP GROUP

# LEADERS IN EPDM & RUBBER

## Polymer based products




## GLOBAL PRESENCE




Manufactured and Marketed by: **ALP OVERSEAS PVT. LTD.**

**Corporate Office:** Plot No. 32, Sector-18 HUDA, Gurgaon, Haryana - 122015 (INDIA)

**Telephone:** +91-124-4731500 | **Website:** www.alpoverseas.com